Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਮਾਰਚ 2019 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਖ਼ਾਲਸੇ ਦੇ ਤਿਉਹਾਰ ਹੋਲੇ-ਮਹੱਲੇ ਦੀਆਂ ਲੱਖ-ਲੱਖ ਮੁਬਾਰਕਾਂ



ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# "ਖ਼ਾਲਸੇ ਦਾ ਤਿਓਹਾਰ ਹੋਲਾ ਮਹੱਲਾ"



ਸਮੇਂ-ਸਮੇਂ ਸਰਕਾਰਾਂ ਖ਼ਾਲਸੇ ਦੀ ਚੜ੍ਹਦੀ ਕਲਾ ਦੇ ਨਜ਼ਾਰੇ ਵੇਖ ਕੇ ਖ਼ਾਲਸੇ ਨਾਲ ਸਮਝੌਤੇ ਵੀ ਕਰਦੀਆਂ ਰਹੀਆਂ ਹਨ। ਅਜਿਹਾ ਹੀ ਇੱਕ ਸਮਝੌਤਾ ਕਰਨ ਲਈ 1748ਈ: ਵਿਚ ਅਦੀਨਾ ਬੇਗ ਫੌਜਦਾਰ ਜਲੰਧਰ ਨੇ ਸ. ਜੱਸਾ ਸਿੰਘ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਪਤਾ ਲੱਗ ਗਿਆ ਕਿ ਸਮਝੌਤੇ ਦੀ ਆੜ ਵਿਚ ਸਰਕਾਰ ਦੀ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਆਹਲੂਵਾਲੀਆ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਉਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ। ਦੇਸ਼ ਭਗਤ ਸੂਰਮੇ ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਸਿੰਘਾਂ ਅੰਦਰ ਚੜ੍ਹਦੀ ਕਲਾ ਦੀ ਭਾਵਨਾ ਸਦਾ ਹੀ ਬਣੀ ਰਹੇ। ਇਸ ਲਈ ਆਪਣੇ ਯੁੱਧ-ਵਿੱਦਿਆ ਦੇ ਅਭਿਆਸ ਨੂੰ ਸਦਾ ਲਈ ਜਾਰੀ ਰੱਖਣ ਵਾਸਤੇ 'ਹੋਲਾ ਮਹੱਲਾ' ਮਨਾਉਣ ਦੀ ਰੀਤ ਤੋਰੀ।

ਸਿੱਖ ਵਿਦਵਾਨ ਭਾਈ ਵੀਰ ਸਿੰਘ ਜੀ ਨੇ ਮਹੱਲਾ ਸ਼ਬਦ ਨੂੰ 'ਮਯ ਹੱਲਾ' ਭਾਵ ਬਨਾਵਟੀ ਹੱਲਾ ਕਿਹਾ ਹੈ। ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਕਰਤਾ 'ਮਹਾਨ ਕੋਸ਼' ਨੇ ਲਿਖਿਆ ਹੈ, "ਹੋਲਾ ਮਹੱਲਾ" ਇੱਕ ਬਨਾਵਟੀ ਹੱਲਾ ਹੁੰਦਾ ਹੈ। ਇਸ ਵਿਚ ਪੈਦਲ ਤੇ ਸਵਾਰ ਸ਼ਸਤਰਧਾਰੀ ਸਿੰਘ ਦੋ ਪਾਰਟੀਆਂ ਬਣਾ ਕੇ ਇੱਕ ਖਾਸ ਥਾਂ ਉੱਤੇ ਹੱਲਾ ਕਰਦੇ ਹਨ।

ਪਰ ਹੋਲੀ ਇੱਕ ਮੌਸਮੀ ਤਿਉਹਾਰ ਹੈ। ਸਰਦੀਆਂ ਮੁੱਕਣ 'ਤੇ ਜਦੋਂ ਖੁਲ੍ਹਾ ਮੌਸਮ ਆ ਜਾਂਦਾ ਹੈ, ਨਾ ਸਰਦੀ ਹੁੰਦੀ ਹੈ, ਨਾ ਗਰਮੀ ਤਾਂ ਲੋਕ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਨੱਚਦੇ-ਟੱਪਦੇ, ਹੱਸਦੇ-ਖੇਡਦੇ ਤੇ ਗਾਉਂਦੇ ਹਨ। ਬਨਸਪਤੀ ਮੌਲੀ ਹੁੰਦੀ ਹੈ। ਰੁੱਖ-ਬ੍ਰਿੱਖ ਹਰੇ ਤੇ ਖਿੜ੍ਹੇ ਹੁੰਦੇ ਹਨ। ਕੁਦਰਤ ਦੀ ਤਰ੍ਹਾਂ ਮਨੁੱਖ ਵੀ ਖੁਸ਼ੀ ਵਿੱਚ ਸ਼ਾਮਿਲ ਹੁੰਦੇ ਹਨ ਤੇ ਇੱਕ ਦੂਜੇ ਤੇ ਰੰਗ, ਗੁਲਾਲ ਆਦਿ ਸੁੱਟਦੇ ਹਨ। ਫੱਗਣ ਸੁਦੀ 11 ਤੋਂ 15 ਤੱਕ ਫਾਗ ਭਾਵ ਹੋਲੀ ਖੇਡੀ ਜਾਂਦੀ ਹੈ। ਦਸਵੇਂ ਪਾਤਸ਼ਾਹ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਅਤਰ ਤੇ ਗੁਲਾਲ ਨਾਲ ਹੋਲੀ ਖੇਡੀ ਜਾਂਦੀ ਸੀ। ਸਿੰਘਾਂ ਅੰਦਰ ਚੜ੍ਹਦੀ ਕਲਾ ਦੀ ਭਾਵਨਾਂ ਉਜਾਗਰ ਕਰਨ ਲਈ ਯੁੱਧ ਵਿੱਦਿਆ ਦੇ ਅਭਿਆਸ ਨੂੰ ਕਾਇਮ ਰੱਖਣਾ ਜ਼ਰੂਰੀ ਸਮਝਿਆ ਗਿਆ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਨਵੇਂ ਢੰਗਾਂ ਨਾਲ ਸਿੰਘਾਂ ਅੰਦਰ ਹੋਲਾ ਮਹੱਲਾ ਮਨਾਉਣ ਦਾ ਰਿਵਾਜ਼ ਸ਼ੁਰੂ ਕੀਤਾ। ਖ਼ਾਲਸਾ ਸਾਜਣ ਪਿੱਛੋਂ ਆਪ ਨੇ ਸੰਮਤ 1757 ਚੇਤ ਵਦੀ ਏਕਮ ਨੂੰ ਇੱਕ ਨਵਾਂ ਸਥਾਨ "ਹੋਲਗੜ੍ਹ" ਰਚ ਕੇ ਹੋਲਾ ਮਹੱਲਾ ਖੇਡਣ ਦੀ ਨਵੀਂ ਰੀਤ ਚਲਾਈ। ਦੋ ਜੱਥੇ ਬਣਾ ਕੇ ਇੱਕ ਨੂੰ ਹੋਲਗੜ੍ਹ ਤੇ ਕਬਜ਼ਾ ਕਰਕੇ ਮੋਰਚਾ ਕਾਇਮ ਕਰਨ ਲਈ ਕਹਿ ਦਿੱਤਾ ਗਿਆ। ਦੂਸਰੇ ਜੱਥੇ ਨੂੰ ਹੋਲਗੜ੍ਹ ਉੱਤੇ ਚੜ੍ਹਾਈ ਕਰਨ ਦੇ ਹੁਕਮ ਦੇ ਦਿੱਤੇ ਗਏ। ਡੇਢ ਪਹਿਰ ਦੋਹਾਂ ਪਾਸਿਆਂ ਤੋਂ ਘਸਮਾਨ ਦਾ ਯੁੱਧ ਹੋਇਆ। ਤੀਰ ਤੇ ਗੋਲੀ ਚਲਾਉਣ ਦੀ ਮਨਾਹੀ ਸੀ ਕਿਉਂਕਿ ਦੋਵੇਂ ਪਾਸੇ ਖਾਲਸਈ ਫੌਜਾਂ ਸਨ।

ਦੋਹਾਂ ਫੌਜਾਂ ਵਿਚ ਅੰਤਰ ਰੱਖਣ ਲਈ ਹੋਲਗੜ੍ਹ 'ਤੇ ਕਾਬਜ਼ ਜੱਥੇ ਦੇ ਬਸਤਰ ਚਿੱਟੇ ਸਨ ਤੇ ਦੂਸਰੇ ਦੱਲ ਦੇ ਹਲਕੇ ਕੇਸਰੀ। ਅੰਤ ਬੜੇ ਯਤਨਾਂ ਨਾਲ ਤੇ ਲੜਾਈ ਦੇ ਦਾਅ-ਪੇਚਾਂ ਅਨੁਸਾਰ ਅੱਗੇ ਵਧਦੀ ਹੋਈ, ਕੇਸਰੀ ਪੁਸ਼ਾਕਾਂ ਵਾਲੀ ਸੈਨਾਂ ਨੇ ਹੋਲਗੜ੍ਹ 'ਤੇ ਕਬਜ਼ਾ ਕਰ ਲਿਆ। ਉਸ ਦਿਨ ਪੰਜ ਹਜ਼ਾਰ ਦਾ ਕੜਾਹ ਪ੍ਰਸ਼ਾਦ ਚਾਦਰਿਆਂ ਉੱਤੇ ਰਖਾ ਦਿੱਤਾ ਗਿਆ ਜੋ ਸਿੰਘਾਂ ਨੇ ਰੱਜ-ਰੱਜ ਕੇ ਛਕਿਆ ਤੇ ਖੁਸ਼ੀਆਂ ਮਨਾਈਆਂ।

ਅੱਜ ਵੀ ਹੋਲੇ-ਮਹੱਲੇ ਦਾ ਰਿਵਾਜ਼ ਸਿੰਘਾਂ ਵਿਚ ਉਸੇ ਤਰ੍ਹਾਂ ਚਲਿਆ ਆਉਂਦਾ ਹੈ। ਆਨੰਦਪੁਰ ਸਾਹਿਬ ਤੋਂ ਛੁੱਟ ਅੰਮ੍ਰਿਤਸਰ ਵਿਚ ਵੀ ਨਿਸ਼ਾਨ ਸਾਹਿਬ ਦੀ ਤਾਬਿਆ, ਅਕਾਲ ਤਖ਼ਤ ਸਾਹਿਬ ਤੋਂ ਮਹੱਲਾ ਚੜ੍ਹਦਾ ਹੈ ਜੋ ਸ਼ਹਿਰ ਦੀ ਪ੍ਰਕਰਮਾਂ ਕਰਦਾ ਹੋਇਆ, ਬੁਰਜ ਬਾਬਾ ਫੂਲਾ ਸਿੰਘ ਵਿਖੇ ਸਮਾਪਤ ਹੁੰਦਾ ਹੈ। ਇਸ ਮਹੱਲੇ ਵਿਚ ਕਈ ਪ੍ਰਕਾਰ ਦੇ ਸਰੀਰਕ ਕਰਤਬ ਦਿਖਾਉਣ ਵਾਲੇ ਜੱਥੇ, ਘੋੜ ਸਵਾਰ ਨਿਹੰਗ, ਗਤਕਾ ਪਾਰਟੀਆਂ, ਮੋਟਰ ਸਾਈਕਲ ਤੇ ਸਕੂਟਰ ਸਵਾਰ ਨੌਜਵਾਨ ਅਤੇ ਬੈਂਡ ਪਾਰਟੀਆਂ, ਇਸਤਰੀ ਜੱਥੇ, ਸਿੰਘ ਸਭਾਵਾਂ ਤੇ ਹੋਰ ਸਭਾ-ਸੁਸਾਇਟੀਆਂ ਅਤੇ ਸੰਗਤਾਂ ਸ਼ਾਮਿਲ ਹੁੰਦੀਆਂ ਹਨ। ਇਸ ਤੋਂ ਛੁੱਟ ਸਥਾਨਕ ਤੌਰ 'ਤੇ ਪਿੰਡਾਂ ਵਿਚ ਵੀ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਹੋਲਾ ਮਹੱਲਾ ਖਾਲਸੇ ਦੀ ਸਦਾ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
parminderjitsingh84@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**
ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਵੈਸਾਖ) 14-04-2019 (ਐਤਵਾਰ)
ਪੂਰਨਮਾਸ਼ੀ - (੬ ਵੈਸਾਖ) 19-04-2019 (ਸ਼ੁੱਕਰਵਾਰ)
ਮੱਸਿਆ - (੨੧ ਵੈਸਾਖ) 04-05-2019 (ਸ਼ਨੀਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ

ਜਿਲਦ ਨੰ. 41 | ਅੰਕ - 85 | ਮਾਰਚ - 2019


1. ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ 4
2. ਹੋਲੀ ਤੋਂ ਹੋਲਾ-ਮਹੱਲਾ 6
3. ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ 8
4. ਜਪੁ ਜੀ ਦਾ ਪਉੜੀ-ਵਾਰ ਭਾਵ 10
5. ਸਾਦੁ ਨਾਹੀ ਇਵੇਹੀ ਗਲੈ 11
6. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 14
7. ਸਤਿਕਾਰ ਸਹਿਤ ਗੁਰ ਸਾਗਰ ਦੇ ਸੁੱਚੇ ਮੋਤੀ 'ਚੋਂ 18
8. ਬੇਗੋਵਾਲ ਦਾ 19ਵਾਂ ਦੋ ਰੋਜਾ ਕਬੱਡੀ ਕੱਪ..... 19
9. ਰੀਤੀਆਂ ਤੋਂ ਕੁਰੀਤੀਆਂ 20
10. ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਸੰਬੰਧ 22
11. ਆਓ ਜਾਣੀਏ! 26
12. ਸੰਤ ਪ੍ਰੇਮ ਸਿੰਘ ਜੀ ਮੁਰਾਲਾ ਦੇ ਪ੍ਰਮੁੱਖ ਸਹਿਯੋਗੀ ਸਰਦਾਰ ਬਹਾਦਰ..27
13. ਕਹਾਣੀ 28
14. ਸਿਹਤ ਸੰਭਾਲ 32
15. ਕਾਵਿ-ਕਿਆਰੀ / ਸ਼ਬਦਾਂ ਦੇ ਸੰਜੋਗ 35
16. ਦਾਨੀ ਸੱਜਣਾਂ ਦੀ ਸੂਚੀ 36
17. Anandpur Sahib 39
18. Matrimonial 41


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ



ਭਾਰਤੀ ਸੱਭਿਆਚਾਰ ਵਿਚ ਹੋਲੀ ਰੰਗਾਂ ਅਤੇ ਖੁਸ਼ੀਆਂ ਦਾ ਤਿਉਹਾਰ ਹੈ। ਹੋਲੀ ਮੂਲ ਰੂਪ ਵਿਚ ਬਦੀ 'ਤੇ ਨੇਕੀ ਦੀ ਜਿੱਤ, ਭਾਈਚਾਰਕ ਸਾਂਝ, ਜਾਤ-ਪਾਤ, ਜਾਤ-ਪਾਤ, ਊਚ-ਨੀਚ, ਗਰੀਬ-ਅਮੀਰ ਦੇ ਪਾੜੇ ਨੂੰ ਖਤਮ ਕਰਨ ਦਾ ਸੁਨੇਹਾ ਦਿੰਦਾ ਤਿਉਹਾਰ ਹੈ। ਭਾਰਤ ਤੋਂ ਇਲਾਵਾ ਹੋਲੀ ਨੇਪਾਲ, ਬੰਗਲਾਦੇਸ਼, ਮਲੇਸ਼ੀਆ, ਪਾਕਿਸਤਾਨ, ਗੁਆਨਾ, ਫਿਜ਼ੀ, ਮੋਰੀਸ਼ਅਸ਼, ਇੰਗਲੈਂਡ ਅਤੇ ਅਮਰੀਕਾ ਆਦਿ ਦੇਸ਼ਾਂ ਵਿਚ ਵੀ ਮਨਾਇਆ ਜਾਂਦਾ ਹੈ। ਭਾਰਤ ਤਿਉਹਾਰਾਂ ਦਾ ਦੇਸ਼ ਹੈ ਅਤੇ ਖਾਲਸਾ ਪੰਥ ਇਨ੍ਹਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ ਜਿਵੇਂ 'ਹੋਲੀ' ਦੀ ਥਾਂ ਖਾਲਸਾ ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਹੋਲੇ ਮਹੱਲੇ ਦਾ ਅਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ।

ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਸੰਪੂਰਨ, ਸਿਖਿਆਦਾਇਕ ਤੇ ਉਸਾਰੂ ਬਣਾਉਣ ਦਾ ਯਤਨ ਕੀਤਾ ਹੈ।


**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**




ਹੋਲੇ ਮਹੱਲੇ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। 'ਹੋਲਾ' ਤੇ 'ਮਹੱਲਾ' ਦੋ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਉਨ੍ਹਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ ਪ੍ਰਚਲਿਤ ਕੀਤਾ ਅਤੇ ਅਜ਼ਾਦੀ ਪ੍ਰਾਪਤ ਕਰਨ, ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਕੀਤੀ ਅਤੇ ਸਿੱਖ ਨੂੰ ਇਕ ਵੱਖਰੀ ਪਹਿਚਾਣ ਦਿੱਤੀ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰ ਜੀ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਸੂਰਮਤਾਈ ਨਾਲ ਜੋੜਿਆ। ਮਹੱਲੇ ਮੌਕੇ ਗੁਰੂ ਜੀ ਸਿੰਘਾਂ ਵਿਚ ਜੰਗਜੂ ਲੜਾਈਆਂ ਕਰਵਾਉਂਦੇ ਅਤੇ ਜਿੱਤਣ ਵਾਲੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਏ। ਅਤਰ ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਨੂੰ ਆਪਣੀ ਕਲਮ



ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਭ ਦੀ ਆਤਮਾ ਖਿੜ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ-ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਕੱਢਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂਮੱਤੇ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦਾ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸ੍ਰੋਤ ਹੈ। ਆਓ! ਹੋਲੇ ਮਹੱਲੇ ਦੇ ਇਸ ਇਤਿਹਾਸਕ ਮੌਕੇ 'ਤੇ ਇਸ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਪ੍ਰਣ ਕਰੀਏ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਲੇ-ਮਹੱਲੇ ਦਾ ਛੇ ਰੋਜ਼ਾ ਤਿਉਹਾਰ ਖ਼ਾਲਸਾਈ ਸ਼ਾਨ ਦਾ ਪ੍ਰਤੀਕ ਕੀਰਤਪੁਰ ਯਸਹਿਬ ਤੋਂ ਗੁਰਦੁਆਰਾ ਸ੍ਰੀ ਪਤਾਲਪੁਰੀ ਸਾਹਿਬ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਨਾਲ ਸ਼ੁਰੂ ਕੀਤੇ ਗਏ। ਸੰਗਤਾਂ ਨੇ ਗੁ. ਪਤਾਲਪੁਰੀ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕੀਤੇ। ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਵਾਸਤੇ ਰਿਹਾਇਸ਼, ਵਾਹਨਾਂ ਲਈ ਪਾਰਕਿੰਗ, ਜੋੜੇ ਘਰ, ਗਠੜੀ ਘਰ, ਲੰਗਰ ਪਾਣੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਸਮਾਜ ਵਿਰੋਧੀ ਅਨਸਰਾਂ ਤੇ ਨਜ਼ਰ ਰੱਖਣ ਲਈ ਵੱਖ-ਵੱਖ ਥਾਵਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਵੱਡੀ ਪੱਧਰ 'ਤੇ ਲਗਾਏ ਗਏ ਸਨ। ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਵਿਖੇ ਸੁੰਦਰ ਪੰਡਾਲ ਸਜਾਏ ਗਏ ਸਨ, ਮੇਲੇ ਦੌਰਾਨ ਬਿਜਲੀ ਦੀ ਨਿਰਵਿਘਨ ਸਪਲਾਈ ਲਈ ਪੁਖਤਾ ਪ੍ਰਬੰਧ ਸਨ। ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਆਵਾਜਾਈ ਠੀਕ ਰੱਖਣ ਅਤੇ ਅਮਨ ਸ਼ਾਂਤੀ ਬਣਾਈ ਰੱਖਣ ਲਈ ਲਗਭਗ 2200 ਮੁਲਾਜ਼ਮਾਂ ਦੀ ਨਿਯੁਕਤੀ ਕੀਤੀ ਗਈ ਸੀ।



# ਹੋਲੀ ਤੋਂ ਹੋਲਾ-ਮਹੱਲਾ

ਸ. ਸੁਖਦੇਵ ਸਿੰਘ ਸ਼ਾਂਤ



ਹੋਲੀ ਦੇ ਤਿਉਹਾਰ ਦਾ ਆਧਾਰ ਮਹਾਂਭਾਰਤ ਅਤੇ ਪੁਰਾਣਾਂ ਵਿਚ ਹਰਨਾਖਸ਼ ਅਤੇ ਉਸ ਦੇ ਪੁੱਤਰ ਪ੍ਰਹਿਲਾਦ ਨਾਲ ਸੰਬੰਧਤ ਇਕ ਕਥਾ ਹੈ। ਇਸ ਪੌਰਾਨਿਕ ਕਥਾ ਅਨੁਸਾਰ ਪ੍ਰਹਿਲਾਦ ਪ੍ਰਭੂ ਦਾ ਇਕ ਭਗਤ ਸੀ। ਬਚਪਨ ਵਿਚ ਹੀ ਪ੍ਰਭੂ ਦਾ ਨਾਮ ਉਸ ਦੇ ਮਨ ਵਿਚ ਤੇ ਜੀਭ 'ਤੇ ਹਰ ਵੇਲੇ ਰਹਿੰਦਾ ਸੀ। ਉਸ ਦਾ ਪਿਉ ਬਹੁਤ ਸ਼ਕਤੀਸ਼ਾਲੀ ਸੀ ਅਤੇ ਮੌਤ ਤੋਂ ਬਚਣ ਦੇ ਕਈ ਤਥਾ ਕਥਿਤ ਵਰ ਪ੍ਰਾਪਤ ਕਰ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਪ੍ਰਹਿਲਾਦ ਉਸ ਦਾ ਹੀ ਨਾਮ ਜਪੇ। ਪ੍ਰਭੂ ਦਾ ਨਾਮ ਜਪਣਾ ਉਸ ਨੂੰ ਪ੍ਰਵਾਨ ਨਹੀਂ ਸੀ। ਉਸ ਨੇ ਪ੍ਰਹਿਲਾਦ ਨੂੰ ਕਈ ਤਰ੍ਹਾਂ ਨਾਲ ਤਸੀਹੇ ਦੇਣ ਅਤੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਪ੍ਰਹਿਲਾਦ ਭਗਤ, ਪ੍ਰਭੂ ਦੀ ਭਗਤੀ ਸਦਕਾ ਹਰ ਵਾਰ ਸਲਾਮਤ ਰਿਹਾ। ਆਖਰਕਾਰ ਕਾਲ ਨੇ ਪ੍ਰਹਿਲਾਦ ਦੇ ਪਿਤਾ ਨੂੰ ਸਾਰੇ ਤਥਾਕਥਿਤ ਵਰਾਂ ਦੇ ਬਾਵਜੂਦ ਆ ਦਬੋਚਿਆ। ਪ੍ਰਹਿਲਾਦ ਭਗਤ ਦੀ ਭੂਆ ਹੋਲਿਕਾ ਵੀ ਅੱਗ ਦੁਆਰਾ ਨਾ ਸੜਨ ਦੇ ਤਥਾਕਥਿਤ ਵਰਾਂ ਦੇ ਬਾਵਜੂਦ ਖਤਮ ਹੋ ਗਈ ਪਰ ਪ੍ਰਹਿਲਾਦ ਨੂੰ ਕੁਝ ਨਾ ਹੋਇਆ।

ਸ੍ਰੀ ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਇਸ ਕਥਾ ਨੂੰ ਸੰਕੇਤਕ ਰੂਪ ਵਿਚ ਬਿਆਨ ਕਰਦੇ ਹੋਏ ਸਿੱਟਾ ਕੱਢਦੇ ਹਨ :

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
**ਹਰਣਾਖਸੁ ਦੁਸਟੁ ਹਰਿ ਮਾਰਿਆ**
**ਪ੍ਰਹਲਾਦੁ ਤਰਾਇਆ ॥**

**(ਪੰਨਾ ੪੫੧)**

ਸ੍ਰੀ ਗੁਰੂ ਅਮਰਦਾਸ ਜੀ ਦਾ ਇਸ ਕਥਾ ਸੰਬੰਧੀ ਪਵਿੱਤਰ ਫੁਰਮਾਨ ਹੈ :

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ**
**ਰਖਦਾ ਆਇਆ ॥**
**ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥**

**(ਪੰਨਾ ੬੩੭)**

ਭਗਤ ਪ੍ਰਹਿਲਾਦ ਨਾਲ ਸੰਬੰਧਿਤ ਇਹ ਕਥਾ ਸਾਨੂੰ ਕੁਝ ਸਿੱਖਿਆ ਦਿੰਦੀ ਹੈ –

੧. ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਵੀ ਹਸਤੀ ਮੌਤ ਤੋਂ ਰਹਿਤ ਨਹੀਂ ਹੈ। ਹਰਨਾਖਸ਼ ਜਾਂ ਹੋਲਿਕਾ ਆਦਿ ਤਥਾ-ਕਥਿਤ ਸ਼ਕਤੀਆਂ ਜਾਂ ਵਰ ਪ੍ਰਾਪਤ ਕਰਨ ਦੇ ਬਾਵਜੂਦ ਵੀ ਮੌਤ ਤੋਂ ਨਹੀਂ ਬਚ ਸਕੇ।

੨. ਅਕਾਲ ਪੁਰਖ ਸਦਾ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ। ਪ੍ਰਹਿਲਾਦ ਭਗਤ ਦੀ ਪੈਜ ਉਸ ਨੇ ਆਪਣੇ ਇਸ ਗੁਣ ਸਦਕਾ ਹੀ ਰੱਖੀ।

੩. ਭਗਤੀ ਅਤੇ ਸੱਚ ਦੇ ਰਸਤੇ 'ਤੇ ਤੁਰਨ ਲਈ ਦ੍ਰਿੜ੍ਹਤਾ, ਦਲੇਰੀ ਅਤੇ ਅਟੱਲ ਵਿਸ਼ਵਾਸ ਦੀ ਜ਼ਰੂਰਤ ਹੈ। ਇਸ ਰਸਤੇ 'ਤੇ ਤੁਰਨ ਵਾਲਿਆਂ ਨੂੰ ਡਰ, ਲਾਲਚ ਅਤੇ ਦੁੱਖ ਨਹੀਂ ਰੋਕ ਸਕਦੇ।

ਭਗਤ ਪ੍ਰਹਿਲਾਦ ਨੇ ਆਪਣੀ ਦ੍ਰਿੜ੍ਹ ਭਗਤੀ ਰਾਹੀਂ ਬੜੀ ਦਲੇਰੀ ਨਾਲ ਮੁਸੀਬਤਾਂ ਦਾ ਸਾਹਮਣਾ ਕੀਤਾ ਪਰ ਭਗਤੀ ਦੇ ਰਸਤੇ 'ਤੇ ਚੱਲਣ ਵਿਚ ਕੋਈ ਰੁਕਾਵਟ ਮਨਜ਼ੂਰ ਨਹੀਂ ਕੀਤੀ। ਇਸੇ ਦ੍ਰਿੜ੍ਹਤਾ ਅਤੇ ਅਟੱਲ ਵਿਸ਼ਵਾਸ ਨੂੰ ਇਕ ਆਦਰਸ਼ ਮੰਨਦੇ ਹੋਏ ਭਗਤ ਕਬੀਰ ਜੀ ਨੇ ਫੁਰਮਾਇਆ :

**ਰਾਮ ਜਪਉ ਜੀਅ ਐਸੇ ਐਸੇ ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥**

**(ਪੰਨਾ ੩੩੭)**

ਇਹ ਇਕ ਸਤਿਕਾਰ ਹੈ, ਜੋ ਭਗਤ ਕਬੀਰ ਜੀ ਨੇ ਪ੍ਰਹਿਲਾਦ ਅਤੇ ਧਰੂ ਭਗਤ ਨੂੰ ਦਿੱਤਾ ਹੈ। ਕਿੰਨੀ ਵੱਡੀ ਗੱਲ ਹੈ ਕਿ ਜੇ ਪ੍ਰਭੂ ਦਾ ਨਾਮ ਜਪਣਾ ਹੈ ਤਾਂ ਉਸ ਤਰ੍ਹਾਂ ਜਪੋ ਜਿਵੇਂ ਧਰੂ ਅਤੇ ਪ੍ਰਹਿਲਾਦ ਨੇ ਜਪਿਆ ਸੀ! ਕਿਸੇ ਸ਼ਖਸੀਅਤ ਦਾ ਆਦਰਸ਼ ਬਣ ਜਾਣਾ, ਉਦਾਹਰਣ ਬਣ ਜਾਣਾ ਜਾਂ ਮਾਡਲ ਬਣ ਜਾਣਾ, ਦੂਜੇ ਅਰਥਾਂ ਵਿਚ ਇਕ ਇਤਿਹਾਸ ਬਣ ਜਾਣਾ ਹੀ ਤਾਂ ਹੈ!

ਹੋਲੀ ਦੇ ਤਿਉਹਾਰ ਦਾ ਆਧਾਰ ਕਿੰਨਾ ਪਵਿੱਤਰ ਤੇ ਕਿੰਨਾ ਵੱਡਾ ਹੈ! ਇਸ ਤਿਉਹਾਰ ਨੂੰ 'ਰੰਗਾਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਰੰਗ ਪਾਉਣ ਜਾਂ ਰੰਗ ਡੋਲ੍ਹਣਾ ਖੁਸ਼ੀ ਪ੍ਰਗਟ ਕਰਨ ਦਾ ਪ੍ਰਤੀਕ ਮੰਨੇ ਜਾਂਦੇ ਹਨ। ਖੁਸ਼ੀ ਦਾ ਆਧਾਰ ਕੀ ਹੈ? ਖੁਸ਼ੀ ਦਾ ਆਧਾਰ ਇਹ ਹੈ ਕਿ ਭਗਤੀ ਅਤੇ ਸੱਚਾਈ ਦੀ ਜਿੱਤ ਹੋਈ ਹੈ'ਤੇ ਦੁਸ਼ਟਾਂ ਦਾ ਖਾਤਮਾ ਹੋਇਆ ਹੈ। ਖੁਸ਼ੀ ਮਨਾਉਣ ਦਾ ਲਾਭ ਤਾਂ ਹੀ ਹੈ, ਜੇ ਮਨਾਉਣ ਵਾਲਿਆਂ ਦੇ ਮਨਾਂ ਵਿਚ ਭਗਤੀ ਅਤੇ ਸੱਚਾਈ ਦੇ

ਗੁਣਾਂ ਦਾ ਪ੍ਰਵੇਸ਼ ਹੋਵੇ।

ਗੁਰੂ ਸਾਹਿਬਾਨ ਨੇ ਰੰਗਾਂ ਨੂੰ ਪ੍ਰਤੀਕ ਵਜੋਂ ਖ਼ੂਬ ਵਰਤਿਆ ਹੈ। ਇਕ ਰੰਗ ਕਸੁੰਭੜੇ ਦਾ ਹੈ ਅਤੇ ਦੂਜਾ ਮਜੀਠ ਦਾ। ਕਸੁੰਭੜੇ ਦਾ ਰੰਗ ਵੇਖਣ ਨੂੰ ਲਾਲ ਸੂਹਾ ਹੈ, ਅੱਖਾਂ ਨੂੰ ਭਾਉਂਦਾ ਹੈ ਅਤੇ ਅੱਗ ਦੀ ਲਾਟ ਵਰਗਾ ਹੈ। ਪਰ ਇਸ ਵਿਚ ਕਮੀ ਇਹ ਹੈ ਕਿ ਛੇਤੀ ਹੀ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਉਤਰ ਜਾਂਦਾ ਹੈ। ਇਹ ਕੱਚਾ ਰੰਗ ਹੈ। ਗੁਰੂ ਸਾਹਿਬਾਨ ਇਸ ਰੰਗ ਨੂੰ ਮਾਇਆ ਦੇ ਰੰਗ ਵਜੋਂ ਬਿਆਨ ਕਰਦੇ ਹਨ। ਮਾਇਆ ਦੀ ਖਿੱਚ ਬਹੁਤ ਸੁਹਾਵਣੀ ਹੈ। ਮਜੀਠ ਵੇਲ ਦਾ ਰੰਗ ਵੀ ਲਾਲ ਹੈ ਪਰ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਇਹ ਉਤਰਦਾ ਨਹੀਂ। ਇਹ ਪੱਕਾ ਰੰਗ ਹੈ। ਗੁਰੂ ਸਾਹਿਬਾਨ ਇਸ ਨੂੰ ਨਾਮ ਦਾ ਰੰਗ ਕਹਿੰਦੇ ਹਨ। ਹੁਣ ਜੇ ਰੰਗ ਚੁਣਨਾ ਹੀ ਹੈ ਤਾਂ ਕਿਉਂ ਨਾ ਮਜੀਠ ਦਾ ਰੰਗ ਵਰਤਿਆ ਜਾਵੇ? ਗੁਰਬਾਣੀ ਹੋਲੀ ਨੂੰ ਮਨਾਉਣ ਦਾ ਅਸਲ ਮਕਸਦ ਬਿਆਨ ਕਰਦੀ ਹੈ। ਭਗਤ ਲੋਕ ਜਾਂ ਗੁਰੂ ਦੇ ਪਿਆਰੇ ਕਿਵੇਂ ਹੋਲੀ ਮਨਾਉਂਦੇ ਹਨ? ਇਸ ਦਾ ਉੱਤਰ ਦਿੰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ, ਫਾਗ ਅਤੇ ਹੋਲੀ ਤਿੰਨਾਂ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਫ਼ੁਰਮਾਉਂਦੇ ਹਨ :

**ਆਜੁ ਹਮਾਰੈ ਗ੍ਰਿਹਿ ਬਸੰਤ ॥**
**ਗੁਨ ਗਾਏ ਪ੍ਰਭ ਤੁਮ ਬੇਅੰਤ ॥**
**ਆਜੁ ਹਮਾਰੈ ਬਨੇ ਫਾਗ ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ ॥**
**ਹੋਲੀ ਕੀਨੀ ਸੰਤ ਸੇਵ ॥**
**ਰੰਗੁ ਲਾਗਾ ਅਤਿ ਲਾਲ ਦੇਵ ॥**
**ਮਨੁ ਤਨੁ ਮਉਲਿਓ ਅਤਿ ਅਨੂਪ ॥**
**ਸੂਕੈ ਨਾਹੀ ਛਾਵ ਧੂਪ ॥**
**ਸਗਲੀ ਰੂਤੀ ਹਰਿਆ ਹੋਇ ॥**
**ਸਦ ਬਸੰਤ ਗੁਰ ਮਿਲੇ ਦੇਵ ॥**

(ਪੰਨਾ ੧੧੮੦)

ਬਸੰਤ, ਫਾਗ ਜਾਂ ਹੋਲੀ ਕੁਝ ਵੀ ਹੋਵੇ, ਪ੍ਰਭੂ ਦੀ ਭਗਤੀ ਕਰਕੇ ਹੀ ਅਸਲ ਖੁਸ਼ੀ ਪ੍ਰਾਪਤ ਹੁੰਦੀ ਹੈ। ਸੋ ਹੋਲੀ ਮਨਾਉਂਦਿਆਂ ਉਸ ਪ੍ਰਭੂ ਨੂੰ ਯਾਦ ਕੀਤਾ ਜਾਵੇ, ਜਿਸ ਦੀ ਮਿਹਰ ਸਦਕਾ ਇਹ ਸਾਰੀ ਖੁਸ਼ੀ ਪ੍ਰਾਪਤ ਹੋਈ ਹੈ। ਜਿਸ ਢੰਗ ਨਾਲ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਖ਼ਤਰਨਾਕ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਾਰਾ ਕੁਝ ਸਿਹਤ ਅਤੇ ਆਲੇ-ਦੁਆਲੇ ਦੇ ਵਾਤਾਵਰਨ ਲਈ ਬਹੁਤ ਹਾਨੀਕਾਰਕ ਹੈ।

ਖ਼ਤਰਨਾਕ ਰੰਗਾਂ ਕਰਕੇ ਕਈਆਂ ਦੀਆਂ ਅੱਖਾਂ ਦਾ ਨੁਕਸਾਨ ਹੋ ਜਾਂਦਾ ਹੈ। ਬੇਹੂਦਾ ਸ਼ੋਰ ਅਤੇ ਧੂਮ-ਧੜੱਕਾ ਸ਼ਾਂਤੀ ਨੂੰ ਭੰਗ ਕਰਦਾ ਹੈ ਅਤੇ ਸ਼ੋਰ ਪ੍ਰਦੂਸ਼ਣ ਵਿਚ ਭਾਰੀ ਵਾਧਾ ਕਰਦਾ ਹੈ। ਅਸ਼ਲੀਲ ਵਿਵਹਾਰ ਇਸ ਮੌਕੇ ਸਮਾਜ ਵਿਚ ਸਭਿਆਚਾਰਕ ਪ੍ਰਦੂਸ਼ਣ ਫੈਲਾਉਂਦਾ ਹੈ ਅਤੇ ਇਹ ਤਿਉਹਾਰ ਆਪਣੇ ਪਿੱਛੇ ਹਰ ਸਾਲ ਕਈ ਤਰ੍ਹਾਂ ਦੀਆਂ ਕੌੜੀਆਂ ਯਾਦਾਂ ਛੱਡ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਗ਼ਲਤ ਤਰੀਕੇ ਨਾਲ ਹੋਲੀ ਮਨਾਉਂਦਿਆਂ ਦੇਖਦੇ ਹੋਏ ਹੋਲੀ ਨੂੰ ਹੋਲਾ-ਮਹੱਲਾ ਦੇ ਰੂਪ ਵਿਚ ਮਨਾਉਣ ਦਾ ਫੈਸਲਾ ਕੀਤਾ। ਹੋਲੀ ਤੋਂ ਅਗਲੇ ਦਿਨ ਹੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਹੋਲਾ-ਮੁਹੱਲਾ ਮਨਾਉਣ ਦਾ ਸੱਦਾ ਦਿੱਤਾ। ਕਥਾ-ਕੀਰਤਨ ਰਾਹੀਂ ਪ੍ਰਭੂ-ਭਗਤੀ ਦਾ ਸੰਦੇਸ਼ ਸੰਗਤਾਂ ਨੂੰ ਦਿੱਤਾ ਗਿਆ। ਇਸ ਉਪਰੰਤ ਮਨਸੂਈ ਲੜਾਈ ਦਾ ਨਜ਼ਾਰਾ ਲੋਕਾਂ ਸਾਹਮਣੇ ਰੱਖਿਆ ਗਿਆ। ਗੁਰੂ ਸਾਹਿਬ ਨੇ ਹੋਲਾ-ਮੁਹੱਲਾ ਪੰਥਕ ਜਾਹੋ-ਜਲਾਲ 'ਚ ਮਨਾਉਣ ਵਾਸਤੇ ਹੋਲਗੜ੍ਹ ਦੀ ਰਚਨਾ ਕੀਤੀ। ਖਾਲਸਾ ਦਲ ਦੇ ਦੋ ਹਿੱਸੇ ਕੀਤੇ ਗਏ। ਇਕ ਦਲ ਸਫੈਦ ਬਸਤਰਾਂ 'ਚ ਉਥੇ ਤੈਨਾਤ ਕੀਤਾ ਜੋ ਮੋਰਚੇ ਕਾਇਮ ਕਰਕੇ ਡੱਟ ਗਿਆ। ਦੂਜਾ ਦਲ ਕੇਸਰੀ ਬਾਣੇ 'ਚ ਜਿਸ ਵਿਚ ਗੁਰੂ ਸਾਹਿਬ ਖੁਦ ਵੀ ਸ਼ਾਮਲ ਸਨ, ਹਮਲਾਵਰ ਹੋਇਆ। ਹਮਲਾਵਰ ਹੋਏ ਦਲ ਨੂੰ ਫਤਹਿ ਹਾਸਲ ਹੋਈ। ਫਤਹਿ ਦੇ ਜਸ਼ਨ ਸਾਂਝੇ ਰੂਪ 'ਚ ਮਨਾਏ ਅਤੇ ਕੜਾਹ ਪ੍ਰਸ਼ਾਦਿ ਦੇ ਗੱਫੇ ਖੁੱਲ੍ਹੇ ਵਰਤਾਏ ਗਏ। ਇਸ ਤਿਉਹਾਰ ਨੂੰ ਸ਼ੁਰੂ ਕਰਨ ਅਤੇ ਮਨਾਉਣ ਦਾ ਇਕੋ ਇਕ ਮੰਤਵ ਸੀ ਕਿ ਗੁਰਬਾਣੀ ਦੀ ਰੋਸ਼ਨੀ ਵਿਚ ਲੋਕਾਂ ਨੂੰ ਕੱਚੇ ਰੰਗਾਂ (ਮਨਮੁਖੀ ਕਰਮਾਂ ਦੇ ਪ੍ਰਭਾਵਾਂ) ਤੋਂ ਬਚਾ ਕੇ, ਪੱਕੇ ਰੰਗਾਂ ਨਾਲ ਜੋੜਿਆ ਜਾਵੇ ਅਤੇ ਲੋਕਾਂ ਵਿਚ ਦਲੇਰੀ, ਦ੍ਰਿੜ੍ਹਤਾ, ਅਟੱਲ-ਵਿਸ਼ਵਾਸ ਵਰਗੇ ਸ਼ੁਭ ਗੁਣ ਪੈਦਾ ਕੀਤੇ ਜਾਣ। ਅੱਜ ਦੇ ਸਮੇਂ ਵਿਚ ਹੋਲੀ ਤੋਂ ਹੋਲੇ-ਮਹੱਲੇ ਦੀ ਤਬਦੀਲੀ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ, ਤਾਂ ਹੀ ਅਸੀਂ ਹੋਲੀ ਵਾਲੇ ਦਿਨ ਫੈਲਾਏ ਜਾ ਰਹੇ ਸ਼ੋਰ, ਰੰਗਾਂ, ਚਿੱਕੜ ਅਤੇ ਅਸ਼ਲੀਲਤਾ ਦੇ ਪ੍ਰਦੂਸ਼ਣ ਤੋਂ ਸਮਾਜ ਨੂੰ ਬਚਾ ਕੇ ਰੱਖ ਸਕਦੇ ਹਾਂ।




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ**
**ਸੈਕਟਰ-30-ਏ, ਚੰਡੀਗੜ੍ਹ ਵਿਖੇ**
**44ਵਾਂ ਸਥਾਪਨਾ ਦਿਵਸ**
**27 ਅਪ੍ਰੈਲ 2019 ਦਿਨ ਸ਼ਨੀਵਾਰ**
**ਨੂੰ ਸੰਗਤਾਂ ਦੇ ਸਹਿਯੋਗ ਨਾਲ ਬੜੇ ਧੂਮਧਾਮ ਨਾਲ ਮਨਾਇਆ ਜਾਵੇਗਾ। ਸਾਰਿਆਂ ਨੂੰ ਪਰਿਵਾਰ ਸਮੇਤ ਪਹੁੰਚਣ ਲਈ ਖੁੱਲ੍ਹਾ ਸੱਦਾ ਪੱਤਰ ਦਿੱਤਾ ਜਾਂਦਾ ਹੈ।**
**ਵੱਲੋਂ - ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਅਤੇ ਸਮੂਹ ਮੈਨੇਜਮੈਂਟ ਕਮੇਟੀ**

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ



## ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ)

ਹਸਨ ਅਬਦਾਲ ਰਾਵਲਪਿੰਡੀ ਤੋਂ ਕੋਈ 45 ਕਿਲੋਮੀਟਰ ਲਹਿੰਦੇ ਪਹਾੜ ਦੀ ਬਾਹੀ ਬਹੁਤ ਪੁਰਾਣਾ ਸ਼ਹਿਰ ਹੈ। ਇਲਾਕਾ ਪਹਾੜੀ ਹੈ। ਪਹਾੜੀ ਇਲਾਕਿਆਂ ਵਿਚ ਪਾਣੀ ਦੇ ਕੁਦਰਤੀ ਚਸ਼ਮੇ ਕੁਝ ਥਾਵਾਂ ’ਤੇ ਹੀ ਮਿਲਦੇ ਹਨ। ਰੱਬ ਦੇ ਪਿਆਰੇ ਆਮ ਕਰਕੇ ਪਾਣੀ ਸਰੋਤਾਂ ਪਾਸ ਹੀ ਆਪਣੇ ਡੇਰੇ ਬਣਾਉਂਦੇ ਹਨ। ਹਸਨ ਅਬਦਾਲ ਵਿਚ ਵੀ ਪਾਣੀ ਦੇ ਇਕ ਚਸ਼ਮੇ ਨਜ਼ਦੀਕ ਵਲੀ ਕੰਧਾਰੀ ਨੇ ਆਪਣਾ ਡੇਰਾ ਬਣਾਇਆ ਹੋਇਆ ਸੀ, ਜਿਸ ਦੀ ਬਹੁਤ ਮੰਨਤਾ ਸੀ। ਕੁਝ ਲੋਕ ਵਰਾਂ ਦੀ ਪ੍ਰਾਪਤੀ ਲਈ ਤੇ ਕੁਝ ਸਰਾਪਾਂ ਤੋਂ ਡਰਦਿਆਂ ਵਲੀ ਦੀ ਈਨ ਮੰਨਦੇ ਸਨ।

ਵੈਸਾਖ, ਸੰਮਤ ੧੫੭੯ ਬਿਕਰਮੀ (੧੫੨੧ ਈ.) ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਹਸਨ ਅਬਦਾਲ ਪਹੁੰਚੇ। ਰੁੱਤ ਗਰਮੀ ਦੀ ਸੀ। ਪਹਾੜੀ ਦੇ ਥੱਲੇ ਇਕ ਪਿੱਪਲ ਦੀ ਠੰਡੀ ਛਾਂ ਹੇਠ, ਸੱਚੇ ਪਾਤਸ਼ਾਹ ਤੇ ਭਾਈ ਮਰਦਾਨਾ ਜੀ ਨੇ ਇਲਾਹੀ ਬਾਣੀ ਦਾ ਗਾਇਣ ਸ਼ੁਰੂ ਕੀਤਾ। ਪ੍ਰੇਮੀ ਇਕੱਤਰ ਹੋਣ ਲੱਗੇ। ਵਲੀ ਕੰਧਾਰੀ ਗੁਰੂ ਜੀ ਦੀ ਮੰਨਤਾ ਹੁੰਦੀ ਦੇਖ ਬਹੁਤ ਕਰੋਧਵਾਨ ਹੋਇਆ ਪਰ ਉਸ ਦੀ ਪੇਸ਼ ਕੋਈ ਨਾ ਜਾਏ। ਇਤਿਹਾਸਕ ਸਾਖੀ ਅਨੁਸਾਰ ਮਰਦਾਨੇ ਨੂੰ ਪਿਆਸ ਲੱਗਣ ’ਤੇ ਗੁਰੂ ਜੀ ਨੇ ਉਸ ਨੂੰ ਪਾਣੀ ਲੈਣ ਲਈ ਤਿੰਨ ਵਾਰ ਵਲੀ ਪਾਸ ਭੇਜਿਆ। ਵਲੀ ਕੰਧਾਰੀ ਨੇ ਹਰ ਵਾਰ ਪਾਣੀ ਦੇਣੋਂ ਨਾਂਹ ਕਰ ਦਿੱਤੀ, ਸਗੋਂ ਬੁਰਾ ਭਲਾ ਵੀ ਕਿਹਾ। ਮਰਦਾਨੇ ਫਿਰ ਨਿਮਰਤਾ ਨਾਲ ਪਾਣੀ ਮੰਗਿਆ ਤਾਂ ਵਲੀ ਕੰਧਾਰੀ ਨੇ ਮਿਹਣਾ ਦਿੱਤਾ, ‘ਜਿਸ ਫ਼ਕੀਰ ਦਾ ਤੂੰ ਮੁਰੀਦ ਹੈਂ, ਉਹ ਤੈਨੂੰ ਪਾਣੀ ਨਹੀਂ ਪਿਆ ਸਕਦਾ।’ ਪਿਆਸ ਨਾਲ ਵਿਆਕੁਲ ਮਰਦਾਨਾ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਵਾਪਸ ਪਹੁੰਚਿਆ ਤੇ ਕਹਿਣ ਲੱਗਾ, “ਸੱਚੇ ਪਾਤਸ਼ਾਹ! ਆਪ ਜੀ ਦੇ ਚਰਨਾਂ ’ਚ ਪਿਆਸਾ ਮਰ ਜਾਵਾਂਗਾ ਪਰ ਹੁਣ ਮੈਂ ਹਉਮੈ-ਗ੍ਰਸਤ ਵਲੀ ਕੰਧਾਰੀ ਪਾਸ ਨਹੀਂ ਜਾਵਾਂਗਾ।” ਸੱਚੇ ਪਾਤਸ਼ਾਹ ਹੱਸ ਬੋਲੇ, “ਮਰਦਾਨਿਆਂ! ਕਰਤਾਰ ਦਾ ਨਾਮ ਲੈ ਅਤੇ ਜਲ ਛਕ।” ਗੁਰੂ ਜੀ ਨੇ ਲਾਗਿਓਂ ਇਕ ਪੱਥਰ ਹਟਾਇਆ, ਜਿਥੋਂ ਨਿਰਮਲ ਜਲ ਦਾ ਅਮੁੱਕ ਸੋਮਾ ਫੁੱਟ ਪਿਆ। ਮਰਦਾਨੇ ਨੇ ਜਲ ਛਕਿਆ ਤੇ ਕਰਤਾਰ ਦਾ ਸ਼ੁਕਰ ਕੀਤਾ। ਉਧਰ ਵਲੀ ਕੰਧਾਰੀ ਦਾ ਚਸ਼ਮਾ ਨਿਭਾਗੇ ਮਨੁੱਖ ਦੇ ਸੁੱਖਾਂ ਵਾਂਗ ਸੁੱਕ ਗਿਆ। ਇਹ ਕੌਤਕ ਦੇਖ ਵਲੀ ਕੰਧਾਰੀ ਨੇ ਕਹਿਰਵਾਨ ਹੋ, ਗੁਰੂ ਜੀ ਵੱਲ ਇਕ ਵੱਡਾ ਪੱਥਰ ਰੇੜ੍ਹ ਦਿੱਤਾ। ਸੱਚੇ ਪਾਤਸ਼ਾਹ ਨੇ ਪੱਥਰ ਨੂੰ ਆਪਣੇ ਪੰਜੇ ਨਾਲ ਰੋਕ ਲਿਆ। ਉਸ ਪੱਥਰ ਉੱਪਰ



ਗੁਰੂ ਜੀ ਦੇ ਪਾਵਨ ਪੰਜੇ ਦਾ ਅਮਿਟ ਨਿਸ਼ਾਨ ਉੱਕਰਿਆ ਹੋਇਆ ਹੈ। ਇਹ ਕ੍ਰਿਸ਼ਮਾ ਤੱਕ ਵਲੀ ਕੰਧਾਰੀ ਦਾ ਹੰਕਾਰ ਦੂਰ ਹੋ ਗਿਆ ਤੇ ਉਹ ਸੱਚੇ ਪਾਤਸ਼ਾਹ ਦੇ ਚਰਨਾਂ ਦਾ ਭੌਰਾ ਬਣ ਗਿਆ। ਇਸ ਪੰਜੇ ਨੂੰ ਮਿਟਾਣ ਦੇ ਕਈ ਯਤਨ ਹੋਏ, ਪਰ 'ਰਹਿਓ ਸੁ ਚਿੰਨ ਹਾਰ ਗਏ ਕਈ', ਇਹ ਪੂਜਣਯੋਗ ਅਸਥਾਨ ਪੰਜਾ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੋਇਆ।

ਸਿੱਖ ਰਾਜ ਸਮੇਂ ਜਦ ਸ. ਹਰੀ ਸਿੰਘ ਨਲਵਾ ਨੇ ਸਿੰਧ ਨੂੰ ਫ਼ਤਹਿ ਕੀਤਾ ਤਾਂ ਇਸ ਅਸਥਾਨ 'ਤੇ ਗੁਰਦੁਆਰੇ ਦੀ ਵਿਸ਼ਾਲ ਇਮਾਰਤ ਤੇ ਸਰੋਵਰ ਬਣਵਾਇਆ। ਗੁਰਦੁਆਰੇ ਦਾ ਪ੍ਰਬੰਧ ਜੱਦੀ-ਪੁਸ਼ਤੀ ਮਹੰਤਾਂ ਪਾਸ ਹੀ ਸੀ। ਨਵੰਬਰ 1920 ਈ. ਨੂੰ ਇਸ ਗੁਰਦੁਆਰੇ ਦਾ ਮਹੰਤ ਮਿੱਠਾ ਸਿੰਘ ਮਰ ਗਿਆ। ਲੋਕਾਂ ਨੂੰ ਮਹੰਤ ਵਿਰੁੱਧ ਬਹੁਤ ਸ਼ਿਕਾਇਤਾਂ ਸਨ। ਗੁਰਦੁਆਰਾ ਪੰਜਾ ਸਾਹਿਬ ਦਾ ਪ੍ਰਬੰਧ, ਪੰਥਕ ਪ੍ਰਬੰਧ ਹੇਠ ਲੈਣ ਲਈ, ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ਇਕ ਜਥਾ ਰਵਾਨਾ ਹੋਇਆ, ਜੋ 18 ਨਵੰਬਰ 1920 ਨੂੰ ਪੰਜਾ ਸਾਹਿਬ ਪਹੁੰਚਿਆ। ਗੁਰਦੁਆਰੇ ਦਾ ਪ੍ਰਬੰਧ ਗੁ. ਪ੍ਰਬੰਧਕ ਕਮੇਟੀ ਅਧੀਨ ਹੋ ਗਿਆ।

ਪ੍ਰਬੰਧਕ ਕਮੇਟੀ ਨੇ ਗੁਰਦੁਆਰੇ ਦੀ ਨਵੀਂ ਇਮਾਰਤ ਤਿਆਰ ਕਰਵਾਈ ਤੇ ਰਿਹਾਇਸ਼ ਲਈ ਸਰਾਂ ਦਾ ਵਿਸਥਾਰ ਕੀਤਾ। ਪੰਜਾ ਸਾਹਿਬ ਵਿਖੇ ਵੈਸਾਖੀ ਦਾ ਮੇਲਾ ਦੇਖਣ ਯੋਗ ਹੁੰਦਾ ਹੈ।

ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸ਼ਾਂਤਮਈ ਸਿੰਘਾਂ ਦੇ ਇਕ ਜਥੇ ਨੂੰ ਅੰਗਰੇਜ਼ ਹਾਕਮਾਂ ਨੇ ਮਾਰ-ਮਾਰ ਧਰਤੀ 'ਤੇ ਲਿਟਾ ਦਿੱਤਾ। ਇਕ ਪਾਸੇ ਡਾਂਗਾਂ-ਸੋਟਿਆਂ ਦੀ ਬੁਛਾੜ ਸੀ ਤੇ ਇਕ ਪਾਸੇ ਸਬਰ ਦਾ ਨਾਅਰਾ 'ਸਤਿ ਸ੍ਰੀ ਅਕਾਲ'। ਫੱਟੜਾਂ ਨੂੰ ਲਾਰੀਆਂ 'ਤੇ ਲੱਦ ਕੇ ਅੰਮ੍ਰਿਤਸਰ ਲਿਆਂਦਾ ਗਿਆ। ਦੋ-ਤਿੰਨ ਦਿਨ ਦੇ ਭੁੱਖੇ ਤਿਹਾਏ ਸਿੰਘ ਗੱਡੀ ਰਾਹੀਂ ਕੈਦੀ ਬਣਾ ਲਿਜਾਏ ਜਾ ਰਹੇ ਹਨ ਤਾਂ ਉਨ੍ਹਾਂ ਨੇ ਸਿੰਘਾਂ ਨੂੰ ਪ੍ਰਸ਼ਾਦ ਛਕਾਉਣਾ ਚਾਹਿਆ। ਪੰਜਾ ਸਾਹਿਬ ਦੀਆਂ ਸੰਗਤਾਂ ਦੁੱਧ, ਫਲ, ਪਦਾਰਥ ਲੈ ਕੇ ਹਸਨ ਅਬਦਾਲ ਦੇ ਸਟੇਸ਼ਨ 'ਤੇ ਪਹੁੰਚ ਗਈਆਂ। ਜਥੇਦਾਰ ਨੇ ਸਟੇਸ਼ਨ ਮਾਸਟਰ ਨੂੰ ਗੱਡੀ ਰੋਕਣ ਲਈ ਬੇਨਤੀ ਕੀਤੀ। ਸਟੇਸ਼ਨ ਮਾਸਟਰ ਨੇ ਜੁਆਬ ਦਿੱਤਾ, "ਮੇਰੇ ਮਾਲਕ ਦਾ ਹੁਕਮ ਹੈ ਕਿ ਇਥੇ ਗੱਡੀ ਨਹੀਂ ਰੁਕੇਗੀ।"

ਜਥੇਦਾਰ ਕਰਮ ਸਿੰਘ ਨੇ ਕਿਹਾ, "ਜੇ ਤੇਰੇ ਮਾਲਕ ਦਾ ਇਹ ਹੁਕਮ ਹੈ ਕਿ ਇਥੇ ਗੱਡੀ ਨਹੀਂ ਰੁਕੇਗੀ ਤਾਂ ਮੇਰੇ ਮਾਲਕ 'ਅਕਾਲ ਪੁਰਖ ਵਾਹਿਗੁਰੂ' ਦਾ ਹੁਕਮ ਹੈ ਕਿ ਗੱਡੀ ਰੁਕੇਗੀ।" ਸਿੰਘ ਅਰਦਾਸ ਕਰ ਗੱਡੀ ਦੀ ਲਾਈਨ ਮੱਲ ਬੈਠ ਗਏ। ਜਥੇ ਦੀ ਅਗਵਾਈ ਭਾਈ ਕਰਮ ਸਿੰਘ (ਮੈਨੇਜਰ, ਗੁਰਦੁਆਰਾ ਪੰਜਾ ਸਾਹਿਬ) ਤੇ ਭਾਈ ਪ੍ਰਤਾਪ ਸਿੰਘ ਕਰ ਰਹੇ ਸਨ। 31 ਅਕਤੂਬਰ 1922 ਈ. ਨੂੰ ਸਿੰਘਾਂ ਨੇ ਆਪਣੀਆਂ ਛਾਤੀਆਂ ਨਾਲ ਗੱਡੀ ਨੂੰ ਰੋਕਿਆ ਤੇ ਭੁੱਖੇ ਤਿਹਾਏ ਸਿੰਘਾਂ ਨੂੰ ਜਲ-ਪਾਣੀ ਛਕਾਇਆ। ਡੇਢ ਘੰਟਾ ਗੱਡੀ ਰੁਕੀ, ਜੋ ਅਰੁਕ ਸੀ। ਸਿੰਘਾਂ ਦੀ ਆਗਿਆ ਮਿਲਣ 'ਤੇ ਗੱਡੀ ਅੱਗੇ ਰਵਾਨਾ ਹੋਈ। ਇਸ ਸਾਕੇ ਵਿਚ ਦੋ ਸਿੰਘ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਸ਼ਹੀਦ ਹੋਏ ਤੇ ਛੇ ਫੱਟੜ ਹੋਏ। ਇਸ ਇਤਿਹਾਸਕ ਸਾਕੇ ਦੀ ਯਾਦ ਵਿਚ ਕੋਈ ਵੀ ਯਾਦਗਾਰੀ ਨਿਸ਼ਾਨ ਨਹੀਂ ਹੈ।

ਗੁਰਦੁਆਰਾ ਪੰਜਾ ਸਾਹਿਬ ਦਾ ਪ੍ਰਬੰਧ ਪਾਕਿਸਤਾਨ ਵਕਫ਼ ਬੋਰਡ ਪਾਸ ਹੈ। ਵੈਸਾਖੀ 'ਤੇ ਇਕ ਵਿਸ਼ੇਸ਼ ਜਥਾ ਇਸ ਪਾਵਨ ਅਸਥਾਨ 'ਤੇ ਵੈਸਾਖੀ ਦਾ ਮੇਲਾ ਮਨਾਉਣ ਜਾਂਦਾ ਹੈ। ਇਸ ਸਮੇਂ ਇਕ ਸਿੰਘ ਇਥੇ ਵਕਫ਼ ਬੋਰਡ ਵੱਲੋਂ ਰਹਿੰਦਾ ਹੈ, ਜੋ ਗੁਰਦੁਆਰੇ ਦੀ ਪਾਵਨ ਮਰਯਾਦਾ ਨਿਭਾਉਂਦਾ ਹੈ।

# ਜਪੁ ਜੀ ਦਾ ਪਉੜੀ-ਵਾਰ ਭਾਵ

ਪ੍ਰੋ. ਸਾਹਿਬ ਸਿੰਘ

**(ਗ) ੩੪ ਤੋਂ ੩੮** - ਜਿਸ ਮਨੁੱਖ ਉੱਤੇ ਪ੍ਰਭੂ ਦੀ ਬਖ਼ਸ਼ਸ਼ ਹੁੰਦੀ ਹੈ, ਉਸ ਨੂੰ ਪਹਿਲਾਂ ਇਹ ਸਮਝ ਪੈਂਦੀ ਹੈ ਕਿ ਮਨੁੱਖ ਇਸ ਧਰਤੀ 'ਤੇ ਕੋਈ ਖ਼ਾਸ ਫ਼ਰਜ਼ ਨਿਬਾਹੁਣ ਆਇਆ ਹੈ; ਇਥੇ ਜੋ ਅਨੇਕਾਂ ਜੀਵ ਪੈਦਾ ਹੁੰਦੇ ਹਨ, ਇਹਨਾਂ ਸਭਨਾਂ ਦੇ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਇਹ ਨਿਬੇੜਾ ਹੁੰਦਾ ਹੈ ਕਿ ਕਿਸ ਨੇ ਮਨੁੱਖਾ ਜਨਮ ਦੇ ਮਨੋਰਥ ਨੂੰ ਪੂਰਾ ਕੀਤਾ ਹੈ; ਜਿਨ੍ਹਾਂ ਦੀ ਮਿਹਨਤ ਕਬੂਲ ਪੈਂਦੀ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪਾਂਦੇ ਹਨ। ਇਥੇ ਸੰਸਾਰ ਵਿਚ ਕਿਸੇ ਦਾ ਵੱਡਾ ਛੋਟਾ ਅਖਵਾਉਣਾ ਕਿਸੇ ਅਰਥ ਨਹੀਂ।੩੪।

ਮਨੁੱਖਾ ਜਨਮ ਦੇ 'ਧਰਮ' (ਫ਼ਰਜ਼) ਦੀ ਸਮਝ ਪਿਆਂ ਮਨੁੱਖ ਦਾ ਮਨ ਬੜਾ ਵਿਸ਼ਾਲ ਹੋ ਜਾਂਦਾ ਹੈ। ਪਹਿਲਾਂ ਇਕ ਨਿੱਕੇ ਜਿਹੇ ਟੱਬਰ ਦੇ ਸੁਆਰਥ ਵਿਚ ਬੱਝਾ ਹੋਇਆ ਇਹ ਜੀਵ ਬਹੁਤ ਤੰਗ-ਦਿਲ ਸੀ, ਹੁਣ ਇਸਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਬੇਅੰਤ ਪ੍ਰਭੂ ਦਾ ਪੈਦਾ ਕੀਤਾ ਹੋਇਆ ਇਹ ਬੇਅੰਤ ਜਗਤ ਇਕ ਵੱਡਾ ਟੱਬਰ ਹੈ, ਜਿਸ ਵਿਚ ਬੇਅੰਤ ਕ੍ਰਿਸ਼ਨ, ਬੇਅੰਤ ਵਿਸ਼ਨੂੰ, ਬੇਅੰਤ ਬ੍ਰਹਮੇ, ਬੇਅੰਤ ਧਰਤੀਆਂ, ਬੇਅੰਤ ਧ੍ਰੂਅ ਭਗਤ, ਬੇਅੰਤ ਇੰਦਰ, ਬੇਅੰਤ ਚੰਦ੍ਰਮਾ, ਬੇਅੰਤ ਸੂਰਜ ਆਦਿਕ ਹਨ। ਇਸ ਗਿਆਨ ਦੀ ਬਰਕਤਿ ਨਾਲ ਤੰਗ-ਦਿਲੀ ਹਟ ਕੇ ਵਿਸ਼ਾਲਤਾ ਤੇ ਉਦਾਰਤਾ ਦੀ ਘਾੜਤ ਵਿਚ ਨਵੇਂ ਸਿਰੇ ਮਨ ਸੋਹਣਾ ਘੜਿਆ ਜਾਂਦਾ ਹੈ। ਮਨ ਵਿਚ ਇਕ ਨਵੀਂ ਜਾਗ੍ਰਤ ਆਉਂਦੀ ਹੈ, ਸੁਰਤਿ ਉੱਚੀ ਹੋਣ ਲੱਗ ਪੈਂਦੀ ਹੈ।੩੬।

ਇਸ ਆਤਮਕ ਅਵਸਥਾ ਵਿਚ ਅੱਪੜੇ ਜੀਵ ਉੱਤੇ ਪਰਮਾਤਮਾ ਦੀ ਬਖ਼ਸ਼ਸ਼ ਦਾ ਦਰਵਾਜ਼ਾ ਖੁੱਲ੍ਹਦਾ ਹੈ, ਉਸ ਨੂੰ ਸਭ ਆਪਣੇ ਹੀ ਆਪਣੇ ਦਿੱਸਦੇ ਹਨ, ਹਰ ਪਾਸੇ ਪ੍ਰਭੂ ਹੀ ਨਜ਼ਰ ਆਉਂਦਾ ਹੈ। ਅਜਿਹੇ ਮਨੁੱਖ ਦੀ ਸੁਰਤਿ ਸਦਾ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਜੁੜੀ ਰਹਿੰਦੀ ਹੈ, ਹੁਣ ਮਾਇਆ ਇਸ ਨੂੰ ਠੱਗ ਨਹੀਂ ਸਕਦੀ, ਆਤਮਾ ਬਲਵਾਨ ਹੋ ਜਾਂਦਾ ਹੈ, ਪ੍ਰਭੂ ਨਾਲੋਂ ਵਿੱਥ ਨਹੀਂ ਪੈ ਸਕਦੀ। ਹੁਣ ਉਸਨੂੰ ਪਰਤੱਖ ਜਾਪਦਾ ਹੈ ਕਿ ਬੇਅੰਤ ਕੁਦਰਤਿ ਰਚ ਕੇ ਪ੍ਰਭੂ ਸਭ ਨੂੰ ਆਪਣੀ ਰਜ਼ਾ ਵਿਚ ਤੋਰ ਰਿਹਾ ਹੈ; ਤੇ ਸਭ ਉੱਤੇ ਮਿਹਰ ਦੀ ਨਜ਼ਰ ਕਰ ਰਿਹਾ ਹੈ।੩੭।

ਪਰ ਇਹ ਉੱਚੀ ਆਤਮਕ ਅਵਸਥਾ ਤਦੋਂ ਹੀ ਬਣਦੀ ਹੈ, ਜੇ ਆਚਰਨ ਪਵਿੱਤਰ ਹੋਵੇ, ਦੂਜਿਆਂ ਦੀ ਵਧੀਕੀ ਸਹਾਰਨ ਦਾ ਹੌਂਸਲਾ ਹੋਵੇ, ਉੱਚੀ ਤੇ ਵਿਸ਼ਾਲ ਸਮਝ ਹੋਵੇ, ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ, ਸੇਵਾ ਦੀ ਘਾਲ ਘਾਲੇ, ਖ਼ਾਲਕ ਤੇ ਖ਼ਲਕਤ ਦਾ ਪਿਆਰ ਦਿਲ ਵਿਚ ਹੋਵੇ। ਇਹ ਜਤ, ਧੀਰਜ, ਮਤ, ਗਿਆਨ, ਭਉ, ਘਾਲ ਅਤੇ ਪ੍ਰੇਮ ਦੇ ਗੁਣ ਇਕ ਸੱਚੀ ਟਕਸਾਲ ਹੈ, ਜਿਸ ਵਿਚ ਗੁਰ-ਸ਼ਬਦ ਦੀ ਮੋਹਰ ਘੜੀ ਜਦੀ ਹੈ (ਭਾਵ, ਜਿਸ ਅਵਸਥਾ ਵਿਚ ਸਤਿਗੁਰੂ ਨੇ ਬਾਣੀ ਉਚਾਰੀ ਹੈ, ਉੱਪਰ-ਦੱਸੇ ਜੀਵਨ ਵਾਲੇ ਸਿੱਖ ਨੂੰ ਵੀ ਬਾਣੀ ਉਸੇ ਅਵਸਥਾ ਵਿਚ ਲੈ ਅੱਪੜਦੀ ਹੈ)।੩੮।

ਸਿਧਾਂਤ (ਜੋ ਅਖ਼ੀਰਲੇ ਸਲੋਕ ਵਿਚ ਹੈ)-

ਇਹ ਜਗਤ ਇਕ ਰੰਗ-ਭੂਮੀ ਹੈ, ਜਿਸ ਵਿਚ ਜੀਵ-ਖਿਲਾੜੀ ਆਪੋ ਆਪਣੀ ਖੇਡ ਖੇਡ ਰਹੇ ਹਨ। ਹਰੇਕ ਜੀਵ ਦੀ ਖੇਡ ਦੀ ਪੜਤਾਲ ਬੜੇ ਗਹੁ ਨਾਲ ਹੋ ਰਹੀ ਹੈ। ਜੋ ਨਿਰੀ ਮਾਇਆ ਦੀ ਖੇਡ ਹੀ ਖੇਡ ਗਏ, ਉਹ ਪ੍ਰਭੂ ਤੋਂ ਵਿੱਥ ਪਾਈ ਗਏ।

ਪਰ ਜਿਨ੍ਹਾਂ ਨੇ ਸਿਮਰਨ ਦੀ ਖੇਡ ਖੇਡੀ, ਉਹ ਆਪਣੀ ਮਿਹਨਤ ਸਫਲ ਕਰ ਗਏ, ਤੇ ਹੋਰ ਕਈ ਜੀਵਾਂ ਨੂੰ ਇਸ ਸੁਚੱਜੇ ਰਾਹ 'ਤੇ ਪਾਂਦੇ ਹੋਏ ਆਪ ਪ੍ਰਭੂ ਦੀ ਹਜ਼ੂਰੀ ਵਿਚ ਸੁਰਖ਼ਰੂ ਹੋਏ।੧।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸਾਦੁ ਨਾਹੀ ਇਵੇਹੀ ਗਲੈ


**'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।**

**ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ**

**ਮਾਣੂ ਘਲੈ ਉਠੀ ਚਲੈ॥ ਸਾਦੁ ਨਾਹੀ ਇਵੇਹੀ ਗਲੈ॥**

**(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨)**

ਮਨੁੱਖਾ ਜੀਵਨ ਵਿਚ ਐਸੀ ਕਿਹੜੀ ਪ੍ਰਾਪਤੀ ਹੈ, ਜਿਹੜੀ ਨਾ ਹੋਵੇ ਤਾਂ ਜੀਵਨ ਬੇਰਸਾ, ਬੇਸੁਆਦਾ ਹੋ ਜਾਂਦਾ ਹੈ ਤੇ ਜੇ ਪ੍ਰਾਪਤੀ ਹੋਵੇ ਤਾਂ ਮਨੁੱਖ ਕਹਿ ਸਕੇ ਕਿ ਜੀਵਨ ਦਾ ਅਨੰਦ ਆ ਗਿਆ ਹੈ। ਆਖ਼ਰ ਉਹ ਪ੍ਰਾਪਤੀ ਕਿਹੜੀ ਹੈ ਜਿਸ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਸਾਨੂੰ ਸੁਚੇਤ ਕਰਦੇ ਹਨ ਕਿ ਮਨੁੱਖ ਨੂੰ ਪ੍ਰਮਾਤਮਾ ਇਸ ਜਗਤ ਵਿਚ ਘੱਲਦਾ ਹੈ ਤੇ ਮਨੁੱਖ ਬਿਨਾਂ ਹੀ ਉਸ ਪ੍ਰਾਪਤੀ ਤੋਂ ਉੱਠ ਕੇ ਚਲਾ ਜਾਵੇ ਇਸ ਗੱਲ ਦਾ ਤਾਂ ਕੋਈ ਸਵਾਦ ਨਾ ਆਇਆ। ਅਵਸਰ ਵੀ ਮਿਲਿਆ ਸੀ, ਬੜੀ ਦੇਰ ਬਾਅਦ ਮਿਲਿਆ ਸੀ, ਬੜੀ ਮੁਸ਼ਕਿਲ ਨਾਲ ਮਿਲਿਆ ਸੀ, ਫਾਈਨਲ ਵਿਚ ਖੇਡਣਾ ਕਿਸੇ ਭਾਗਾਂ ਵਾਲੇ ਖਿਡਾਰੀ ਨੂੰ ਹੀ ਨਸੀਬ ਹੁਦਾ ਹੈ। ਸਾਰੀ ਦੁਨੀਆਂ ਦੀਆਂ ਨਜ਼ਰਾਂ ਉਨ੍ਹਾਂ ਖਿਡਾਰੀਆਂ 'ਤੇ ਲੱਗੀਆਂ ਹੁੰਦੀਆਂ ਹਨ ਕਿ ਹੁਣ ਕੌਣ ਜਿੱਤਦਾ ਹੈ, ਕੌਣ ਹਾਰਦਾ ਹੈ? ਮਨੁੱਖਾ ਜਨਮ ਫਾਈਨਲ ਮੈਚ ਸੀ। ਸਤਿਗੁਰੂ ਨਾਨਕ ਦੇਵ ਜੀ ਸਾਨੂੰ ਇਸੇ ਲਈ ਨਸੀਹਤ ਕਰਦੇ ਹਨ ਕਿ :-



**ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥**

**(ਵਾਰ ਆਸਾ, ਪੰਨਾ ੪੬੯)**

ਪਰ ਜਿਹੜਾ ਬੰਦਾ ਐਸੇ ਅਮੁੱਲ ਸਮੇਂ ਵਿਚ ਨਸ਼ੇ ਵਿਚ ਧੁੱਤ ਹੋ ਕੇ ਡਿੱਗ ਪਵੇ ਤੇ ਖੇਡਣ ਦਾ ਸਮਾਂ ਹੀ ਨਿਕਲ ਜਾਏ ਤਾਂ ਐਸੀ ਗਲਤ ਗੇਮ ਖੇਡੇ ਕਿ ਰੈਫਰੀ ਉਸ ਨੂੰ ਲਾਲ ਕਾਰਡ ਵਿਖਾ ਕੇ ਗਰਾਊਂਡ ਵਿਚੋਂ ਬਾਹਰ ਕੱਢ ਦੇਵੇ। ਐਸੇ ਖਿਡਾਰੀ ਨੂੰ ਬਾਹਰ ਨਿਕਲਦਿਆਂ ਨੂੰ ਤੁਸੀਂ ਰੋਂਦੇ ਵੇਖਦੇ ਹੋ। ਸਤਿਗੁਰੂ ਫ਼ੁਰਮਾਉਂਦੇ ਹਨ –

**ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸਿ॥**

**(ਬਾਰਹ ਮਾਹਾ ਮਾਝ, ਪੰਨਾ ੧੩੪)**

ਸਤਿਪੁਰਸ਼ਾਂ ਨੂੰ ਕਹਿਣਾ ਪੈਂਦਾ ਹੈ ਕਿ ਤੇਰਾ ਅਖਾੜੇ ਵਿਚ ਆਉਣ ਦਾ ਕੋਈ ਸੁਆਦ ਨਹੀਂ ਆਇਆ। ਇਕ ਅਦੀਬ ਕਹਿੰਦੇ ਹਨ–

**ਸੌ ਬਰਸ ਕਾ ਜੀਨਾ ਭੀ ਬੇਕਾਰ ਕਾ ਜੀਨਾ ਹੈ**

**ਦੋ ਬਰਸ ਜੀਆ ਹੋਤਾ ਕੁਛ ਕਰਕੇ ਜੀਆ ਹੋਤਾ।**

ਮਨੁੱਖ ਦੇ ਅਸਫਲ ਰਹਿਣ ਦਾ ਕਾਰਨ ਕੀ ਹੈ? ਪ੍ਰਮਾਤਮਾ ਨੇ ਮਨੁੱਖ ਨੂੰ ਜੋ ਸ਼ਕਤੀ ਦਿੱਤੀ ਹੈ ਉਹ ਬੜੀ ਪ੍ਰਬਲ ਹੈ। ਸ਼ਕਤੀ ਦਾ ਇਕ ਸੁਭਾਅ ਹੈ ਕਿ ਜੇ ਕਾਬੂ ਵਿਚ ਰਹੇ ਤਾਂ ਸੁਖ ਦੇਂਦੀ ਹੈ, ਸੇਵਾ ਕਰਦੀ ਹੈ। ਜੇ ਸ਼ਕਤੀ ਬੇਕਾਬੂ ਹੋ ਜਾਏ ਤਾਂ ਦੁਖ ਦੇਂਦੀ ਹੈ ਤੇ ਕਈ ਵਾਰ ਜਾਨ ਵੀ ਲੈ ਲੈਂਦੀ ਹੈ। ਇੰਜ ਸਮਝੋ ਕਿ ਇਕ ਕਾਰ ਖੜ੍ਹੀ ਹੈ ਸ਼ਕਤੀ ਹੈ ਪਰ ਸੁੱਤੀ ਹੈ। ਇਸ ਨੂੰ ਚਲਾ ਦਿੱਤਾ ਹੁਣ ਸ਼ਕਤੀ ਜਾਗ ਪਈ, ਹਰਕਤ ਵਿਚ ਆ ਗਈ। ਵਿਚ ਬੈਠਾ ਹੋਇਆ ਮਨੁੱਖ ਜੇ ਸਿਆਣਾ ਡਰਾਈਵਰ ਹੈ ਤਾਂ ਇਹ ਸ਼ਕਤੀ ਸੁਖ ਦੇਵੇਗੀ, ਸੇਵਾ ਕਰੇਗੀ ਅਤੇ ਜਿਥੇ ਪੈਦਲ ਤੁਰ ਕੇ ਜਾਂਦਿਆਂ ਬਹੁਤ ਸਮਾਂ ਲੱਗਦਾ ਸੀ ਉਥੇ ਬੜੀ ਛੇਤੀ ਪਹੁੰਚਾ ਦੇਵੇਗੀ, ਪਰ ਜੇ ਡਰਾਈਵਰ ਅਨਜਾਣ ਹੈ, ਸ਼ਕਤੀ ਬੇਕਾਬੂ ਹੋ ਜਾਏ ਤਾਂ ਵਿਚ ਬੈਠੇ ਜਾਂ ਮਰ ਜਾਣਗੇ ਜਾਂ ਫੱਟੜ ਹੋ ਕੇ ਅੰਗਹੀਣ ਹੋਣਗੇ, ਦੁਖੀ ਹੋਣਗੇ। ਸ਼ਕਤੀ ਸਾਡੀ ਮਿ੍ਤ ਵੀ ਨਹੀਂ ਸਾਡੀ ਦੁਸ਼ਮਨ ਵੀ ਨਹੀਂ। ਸ਼ਕਤੀ ਦੀ ਠੀਕ ਵਰਤੋਂ ਸਾਡੀ ਮਿਤ੍ਰ ਹੈ। ਸ਼ਕਤੀ ਦੀ ਦੁਰਵਰਤੋਂ ਹੀ ਸਾਡੀ ਦੁਸ਼ਮਨ ਹੈ। ਪਸ਼ੂ ਪੰਛੀਆਂ ਪਾਸ ਚਿੰਤਾ ਰੋਗ ਨਹੀਂ ਪਸ਼ੂ ਪੰਛੀ ਅਰਾਮ ਨਾਲ ਸੌਂਦੇ ਹਨ। ਪਸ਼ੂ ਪੰਛੀਆਂ ਨੂੰ ਕੱਲ੍ਹ ਦੀ ਕੋਈ ਚਿੰਤਾ ਨਹੀਂ। ਸਤਿਗੁਰੂ ਨਾਨਕ ਦੇਵ ਜੀ ਮਾਝ ਕੀ ਵਾਰ ਵਿਚ ਫ਼ੁਰਮਾਉਂਦੇ ਹਨ–

**ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥**

**ਦਿਹੰਦ ਸੁਈ॥ ਏਕ ਤੁਈ ਏਕ ਤੁਈ॥**

**(ਮ: ੧, ਪੰਨਾ ੧੪੪)**

ਕੋਈ ਪਸ਼ੂ ਪੰਛੀ ਨੀਂਦ ਦੀ ਗੋਲੀ ਨਹੀਂ ਲੈਂਦਾ। ਇਹ ਬੰਦੇ ਦੇ ਭਾਗਾਂ ਵਿਚ ਹੀ ਮੁਸੀਬਤ ਹੈ ਕਿ ਦਿਮਾਗ਼ ਵਿਚ ਕੋਈ ਸਮੱਸਿਆ ਆ ਗਈ, ਉਸ ਨੇ ਚਿੰਤਾ ਲਗਾ ਦਿੱਤੀ ਕਿ ਕੱਲ ਨੂੰ ਪਤਾ ਨਹੀਂ ਕੀ ਹੋਵੇਗਾ ਤਾਂ ਸਾਰੀ ਰਾਤ ਹੀ ਪਾਸੇ ਬਦਲਦਿਆਂ ਨਿਕਲ ਜਾਂਦੀ ਹੈ। ਚਿੰਤਾ ਵਿਚ ਬੰਦੇ ਦੀ ਭੁੱਖ ਪਿਆਸ ਵੀ ਖ਼ਤਮ ਹੋ ਜਾਂਦੀ ਹੈ। ਚਿੰਤਾ ਵਿਚ ਬੰਦਾ ਖਾ ਵੀ ਲਵੇ ਤਾਂ ਖਾਧਾ ਹੋਇਆ ਪਚਦਾ ਵੀ ਨਹੀਂ। ਚਿੰਤਾ ਵਿਚ ਖਾਧੇ ਦਾ ਕੋਈ ਰਸ ਵੀ ਨਹੀਂ ਰਹਿ ਜਾਂਦਾ। ਕਈ ਵਾਰ ਤਾਂ ਐਸਾ ਹੁੰਦਾ ਹੈ ਜੇ ਜਾਨ ਦੀ ਚਿੰਤਾ ਹੋਵੇ, ਮੌਤ ਸਿਰ 'ਤੇ ਹੋਵੇ ਤਾਂ ਬੰਦੇ ਨੂੰ ਇਹ ਵੀ ਪਤਾ ਨਹੀਂ ਰਹਿੰਦਾ ਕਿ ਕੀ ਖਾਧਾ ਹੈ? ਅਤੇ ਉਸ ਵਿਚ ਨਮਕ ਮਿਰਚ ਮਿੱਠਾ ਹੈ ਵੀ ਸੀ ਕਿ ਨਹੀਂ। ਸੱਚ

ਤਾਂ ਇਹ ਹੈ ਕਿ ਚਿੰਤਾਤੁਰ ਬੰਦੇ ਨੇ ਖਾਣਾ ਕੀ ਹੈ ਸਗੋਂ ਬੰਦੇ ਨੂੰ ਚਿੰਤਾ ਹੀ ਖਾ ਜਾਂਦੀ ਹੈ। ਪ੍ਰਸ਼ੀਅਨ ਦੇ ਇਕ ਮਹਾਨ ਆਲਮ ਕਹਿੰਦੇ ਹਨ–

ਮੈਂ ਇਕ ਐਸਾ ਪੰਛੀ ਦੇਖਿਆ ਹੈ ਜਿਸ ਦੇ ਨਾ ਪੈਰ ਹਨ, ਨਾ ਹੀ ਪੰਖ ਹਨ। ਨਾ ਉਹ ਕਿਸੇ ਮਾਂ ਦੇ ਪੇਟ ਤੋਂ ਪੈਦਾ ਹੋਇਆ ਹੈ ਨਾ ਪਿਤਾ ਦੀ ਕੁੱਲ ਹੈ–ਭਾਵ ਪਿਤਾ ਵੀ ਨਹੀਂ। ਉਹ ਮਾਂ ਬਾਪ ਤੋਂ ਬਿਨਾਂ ਹੀ ਪੈਦਾ ਹੋਇਆ ਹੈ। ਨਾ ਹੀ ਉਹ ਪੰਛੀ ਅਸਮਾਨ 'ਤੇ ਹੈ ਨਾ ਹੀ ਜ਼ਮੀਨ 'ਤੇ ਰਹਿੰਦਾ ਹੈ। ਹਾਂ ਇਕ ਗੱਲ ਪੱਕੀ ਹੈ ਕਿ ਉਹ ਮਨੁੱਖ ਦਾ ਮਾਸ ਖਾਂਦਾ ਹੈ ਤੇ ਹਮੇਸ਼ਾ ਹੀ ਖਾਂਦਾ ਰਹਿੰਦਾ ਹੈ। ਇਹ ਪੰਛੀ ਚਿੰਤਾ ਹੈ।

**ਯਕੇ ਮੁਰਗ ਦੀਦਮ ਨਾ ਪਾਂਉ ਨਾ ਪਰ।**
**ਨਾ ਅਜ਼ ਸ਼ਿਕਮੇ ਮਾਦਰ ਨਾ ਪੁਸ਼ਤੇ ਪਿਦਰ।**
**ਨਾ ਬਰ ਆਸਮਾਂ ਨਾ ਜ਼ੇਰੇ ਜ਼ਮੀਂ।**
**ਹਮੇਸ਼ਾ ਖੁਰਦ ਗੋਸ਼ਤੇ ਆਦਮੀ।**

ਪਰ ਐਸਾ ਨਾ ਸਮਝਣਾ ਕਿ ਪੰਛੀਆਂ ਦੇ ਪਾਸ ਚਿੰਤਾ ਨਹੀਂ, ਪਸ਼ੂਆਂ ਦੇ ਪਾਸ ਚਿੰਤਾ ਨਹੀਂ, ਤ੍ਰਿਗਦ ਜੂਨਾਂ ਦੇ ਪਾਸ ਚਿੰਤਾ ਨਹੀਂ ਤਾਂ ਇਹ ਕੋਈ ਬ੍ਰਹਮਗਿਆਨੀ ਹੋ ਗਏ ਹਨ। ਨਹੀਂ, ਇਹ ਇਨ੍ਹਾਂ ਦੀ ਮਜਬੂਰੀ ਹੈ ਜਿਸ ਬੁੱਧ ਤੋਂ ਚਿੰਤਾ ਪੈਦਾ ਹੋਣੀ ਸੀ ਇਨ੍ਹਾਂ ਦੇ ਪਾਸ ਬੁੱਧ ਹੀ ਨਹੀਂ। ਬੁੱਧ ਦੀ ਦਾਤ ਸਿਰਫ਼ ਮਨੁੱਖ ਨੂੰ ਹੀ ਮਿਲੀ ਹੈ। ਸੁਰਤ ਮਤਿ ਮਨ ਬੁਧ ਦਾ ਸਮੂਹ ਅੰਤਸ਼ਕਰਣ ਹੈ। ਇਹ ਪਸ਼ੂ ਪੰਛੀਆਂ ਦੇ ਪਾਸ ਨਹੀਂ। ਪਸ਼ੂ ਦੇ ਪਾਸ ਆਤਮਾ ਹੈ ਤੇ ਸਰੀਰ ਹੈ ਪਰ ਅੰਤਸ਼ਕਰਣ ਨਹੀਂ। ਪਸ਼ੂ ਦੇ ਪਾਸ ਨਾ ਹੀ ਬਚਨ ਹੈ ਨਾ ਹੀ ਮਨ ਹੈ। ਪਸ਼ੂ ਜੇ ਆਪਣੀ ਆਵਾਜ਼ ਨੂੰ ਅੱਖਰ ਨਹੀਂ ਦੇ ਸਕਿਆ ਤਾਂ ਉਸ ਦਾ ਕਾਰਨ ਸਿਰਫ਼ ਇਹੀ ਹੈ ਕਿ ਪਸ਼ੂ ਦੇ ਪਾਸ ਮਨ ਨਹੀਂ। ਪਸ਼ੂ ਦੇ ਪਾਸ ਜਿਹੜੇ ਕਰਮ ਹਨ ਉਨ੍ਹਾਂ ਕਰਮਾਂ ਦੇ ਮਗਰ ਵੀਚਾਰ ਨਹੀਂ, ਉਹ ਕਰਮ ਸੁਭਾਵਕ ਹਨ। ਆਪਣੇ–ਆਪਣੇ ਸੁਭਾਅ ਅਨੁਸਾਰ ਪਸ਼ੂ ਕਰਮ ਕਰਦੇ ਹਨ ਉਨ੍ਹਾਂ ਕਰਮਾਂ ਦੇ ਮਗਰ ਵੀਚਾਰ ਨਾ ਹੋਣ ਕਰਕੇ ਉਨ੍ਹਾਂ ਕਰਮਾਂ ਦੀ ਕੋਈ ਮਹਾਨਤਾ ਨਹੀਂ। ਬੰਦੇ ਨੇ ਜੇ ਪਸ਼ੂ ਪਾਸੋਂ ਆਪਣੀਆਂ ਸਹੂਲਤਾਂ ਲਈ ਕੁਝ ਕੰਮ ਲਏ ਹਨ ਤਾਂ ਇਹ ਕਰਮ ਪਸ਼ੂ ਨੇ ਖੁਸ਼ੀ ਨਾਲ ਕੀਤੇ ਨਹੀਂ ਸਗੋਂ ਉਸ ਪਸ਼ੂ ਕੋਲੋਂ ਬੰਦੇ ਨੇ ਜ਼ਬਰਦਸਤੀ ਕਰਵਾਏ ਹਨ। ਪਸ਼ੂ ਦੇ ਪਾਸ ਮਨ ਨਹੀਂ ਇਸ ਲਈ ਪਸ਼ੂ ਦੇ ਪਾਸ ਮਨ ਤੋਂ ਪੈਦਾ ਹੋਏ ਦੁਖ ਵੀ ਨਹੀਂ। ਪਸ਼ੂ ਦੇ ਪਾਸ ਬਚਨ ਨਹੀਂ ਇਸੇ ਲਈ ਪਸ਼ੂ ਦੇ ਪਾਸ ਬਚਨਾਂ ਤੋਂ ਪੈਦਾ ਹੋਏ ਦੁਖ ਵੀ ਨਹੀਂ। ਇਹੀ ਕਾਰਨ ਹੈ ਕਿ ਕੋਈ ਪਸ਼ੂ ਚਿੰਤਾਤੁਰ ਨਹੀਂ ਪਰ ਦੂਸਰੀ ਗੱਲ ਵੀ ਠੀਕ ਹੈ ਕੋਈ ਪਸ਼ੂ ਅਨੰਦਤ ਵੀ ਨਹੀਂ। ਪਸ਼ੂ ਸਿਰਫ਼ ਬੇਹੋਸ਼ੀ ਵਿਚ ਜੀ ਰਿਹਾ ਹੈ। ਜਿਥੇ ਚੇਤਨਾ ਜਾਗ ਰਹੀ ਹੈ ਉਥੇ ਦੁਖ ਸੁਖ ਦਾ ਅਨੁਭਵ ਹੋਵੇਗਾ। ਸਰੀਰਕ ਦੁਖ ਨੂੰ ਤਾਂ ਪਸ਼ੂ ਵੀ ਮਹਿਸੂਸ ਕਰਦਾ ਹੈ ਪਰ ਮਾਨਸਿਕ ਪੀੜਾ ਦਾ ਪਸ਼ੂ ਨੂੰ ਕੋਈ ਅਨੁਭਵ ਨਹੀਂ। ਪਸ਼ੂ ਦੇ ਪਾਸ ਮਾਨਸਿਕ ਅਨੰਦ ਵੀ ਨਹੀਂ। ਪਸ਼ੂ ਬੇਹੋਸ਼ ਹੈ। ਮਨੁੱਖ ਵਿਚ ਮਨ ਵਰਗੀ ਸ਼ਕਤੀ ਜਾਗ ਪਈ ਹੈ ਅਤੇ ਮਨ ਦੇ ਇਸ਼ਾਰੇ 'ਤੇ ਇਸ ਦੀਆਂ ਕਰਮ ਇੰਦਰੀਆਂ, ਗਿਆਨ ਇੰਦਰੀਆਂ ਹਰਕਤ ਵਿਚ ਆ ਗਈਆਂ ਹਨ। ਮਨ ਸਾਰਥੀ ਹੈ, ਇੰਦ੍ਰੀਆਂ ਘੋੜੇ ਹਨ ਅਤੇ ਸਰੀਰ ਰੱਥ ਹੈ। ਆਤਮਾ ਮਹਾਰਥੀ ਇਸ ਰੱਥ 'ਤੇ ਸਵਾਰ ਹੈ। ਮੈਂ ਇਕ ਵਾਰ ਮਹਾਭਾਰਤ ਦੀਆਂ ਯਾਦਾਂ ਸਾਖਸ਼ਾਤ ਰੂਪ ਵਿਚ ਜਲੰਧਰ ਸ਼ਹਿਰ ਵੇਖੀਆਂ ਸਨ। ਰੱਥ ਸੀ ਪੰਜ ਘੋੜੇ ਅੱਗੇ ਜੋੜੇ ਸਨ ਜੋ ਕਿ ਟਾਂਗੇ ਵਾਲਿਆਂ ਤੋਂ ਕਿਰਾਏ 'ਤੇ ਲਏ ਸਨ। ਨਾ ਰੱਥ ਚਲਾਉਣ ਵਾਲੇ ਦਾ ਕੋਈ ਅਭਿਆਸ ਸੀ ਤੇ ਕਿਰਾਏ 'ਤੇ ਲਏ ਸਨ। ਨਾ ਰੱਥ ਚਲਾਉਣ ਵਾਲੇ ਦਾ ਕੋਈ ਅਭਿਆਸ ਸੀ ਤੇ ਜਿਹੜਾ ਸੱਜਣ ਅਰਜਨ ਬਣ ਕੇ ਖੜ੍ਹਾ ਸੀ ਉਸ ਦੀ ਤਾਂ ਹਾਲਤ ਵੇਖਣ ਵਾਲੀ ਸੀ। ਡਰ ਸੀ ਕਿ ਹੁਣੇ ਡਿਗਾ ਕਿ ਡਿਗਾ। ਵਿਚਾਰਾ ਸਾਰਥੀ ਵੀ ਬੜੀ ਮੁਸੀਬਤ ਵਿਚ ਸੀ। ਜੋ ਕ੍ਰਿਸ਼ਨ ਰੂਪ ਵਿਚ ਸੀ, ਹੋ ਸਕਦਾ ਹੈ ਕੋਈ ਟਾਂਗੇ ਵਾਲਾ ਹੀ ਹੋਵੇ ਪਰ ਉਹ ਇਕ ਘੋੜਾ ਟਾਂਗੇ ਅੱਗੇ ਚਲਾਉਂਦਾ ਹੋਵੇਗਾ ਪਰ ਇਥੇ ਤਾਂ ਪੰਜ ਸਨ। ਵੇਖਣ ਵਾਲੇ ਲੋਕ ਬੜੇ ਹੱਸ ਰਹੇ ਸਨ। ਇਕ ਸੱਜਣ ਕਹਿਣ ਲੱਗੇ ਜੇ ਸੱਚਮੁੱਚ ਅਰਜਨ ਐਸਾ ਹੀ ਯੋਧਾ ਸੀ ਫਿਰ ਤਾਂ ਮਹਾਭਾਰਤ ਵੇਖਣ ਵਾਲਾ ਹੋਵੇਗਾ। ਮੈਂ ਅਕਾਲ ਪੁਰਖ ਦਾ ਸ਼ੁਕਰ ਕਰ ਰਿਹਾ ਹਾਂ ਕਿ ਅੱਜ ਇਸ ਬਜ਼ਾਰ ਵਿਚੋਂ ਬੜਾ ਹੀ ਕੀਮਤੀ ਅਨੁਭਵ ਮਿਲਿਆ ਹੈ। ਇਹ ਤਾਂ ਹਰ ਬੰਦੇ ਦੇ ਅੰਦਰ ਦੀ ਹਾਲਤ ਹੈ।

ਬੰਦੇ ਦਾ ਮਨ ਸਾਰਥੀ ਹੈ। ਮਨ ਹੀ ਅਨਜਾਣ ਹੈ। ਫਿਰ ਪੰਜ ਘੋੜੇ ਕਰਮ ਇੰਦ੍ਰੇ ਅੱਥਰੇ ਘੋੜੇ ਕਾਬੂ ਵਿਚ ਨਹੀਂ, ਸਰੀਰ ਰਥ ਟੁੱਟਣ ਦੇ ਕਰੀਬ ਹੈ। ਆਤਮਾ ਕੰਬ ਰਹੀ ਹੈ ਕਿ ਕਿਸ ਰੱਥ 'ਤੇ ਸਵਾਰ ਹੈ, ਜਿਥੇ ਜਾਣਾ ਸੀ ਕਿਵੇਂ ਪੁਜਾਂਗਾ। ਜਿਸ ਮਾਲਕ ਨੇ ਭੇਜਿਆ ਹੈ ਉਸ ਕੋਲ ਕਿਵੇਂ ਪੁੱਜਾਂਗਾ? ਘੋੜੇ ਚੱਲਣ ਦੀ ਬਜਾਏ ਇਧਰ–ਉੱਧਰ ਖਿੱਚ ਕੇ ਰੱਥ ਤੋੜ ਰਹੇ ਹਨ। ਦਿਨ ਵੀ ਬਤੀਤ ਹੋ ਰਿਹਾ ਹੈ। ਰਾਤ ਵੀ ਜਾ ਰਹੀ ਹੈ ਪਰ ਯਾਤਰਾ ਕੋਈ ਹੋ ਨਹੀਂ ਰਹੀ। ਪਤਾ ਨਹੀਂ ਪ੍ਰਮਾਤਮਾ ਮੈਨੂੰ ਕੀ ਆਖੇਗਾ। ਕਬੀਰ ਸਾਹਿਬ ਜੀ ਇਸ ਹਾਲਤ ਨੂੰ ਬੜਾ ਸੁਹਣਾ ਲਿਖਦੇ ਹਨ–

**ਥਰਹਰ ਕੰਪੈ ਬਾਲਾ ਜੀਉ ॥ ਨਾ ਜਾਨਉ ਕਿਆ ਕਰਸੀ ਪੀਉ ॥**
**ਰੈਨਿ ਗਈ, ਮਤ ਦਿਨ ਭੀ ਜਾਇ ॥ ਭਵਰ ਗਏ, ਬਗ ਬੈਠੇ ਆਇ ॥**

**(ਸਹੀ ਕਬੀਰ ਜੀ, ਪੰਨਾ ੭੯੨)**

ਜੇ ਇਹ ਜੀਵ ਮਨ ਨੂੰ ਸਾਰਥੀ ਬਣਾਉਣ ਦੀ ਬਜਾਏ ਗੁਰੂ ਨੂੰ ਸਾਰਥੀ ਬਣਾ ਲਵੇ ਤਾਂ ਯਾਤਰਾ ਸੁਗਮ ਹੀ ਹੋ ਸਕਦੀ ਹੈ, ਪਰ ਤੁਸੀਂ ਸੰਸਾਰ ਦੇ ਬੰਦਿਆਂ ਨੂੰ ਵੇਖੋ ਜੇ ਵੇਖਣਾ ਆ ਜਾਏ ਤਾਂ ਹੈਰਾਨ ਹੋ ਜਾਵਾਂਗੇ ਕਿ ਹਰ ਇਕ ਸਰੀਰ ਰੱਥ ਨੂੰ ਸਾਰਥੀ ਮਨ ਹੀ ਹੈ। ਅਰਜਨ ਬੜਾ ਸਿਆਣਾ ਹੋਵੇਗਾ। ਸਾਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਸਾਰਾ ਮਹਾਭਾਰਤ ਇਕ ਯੋਧੇ 'ਤੇ ਆਧਾਰਤ ਹੈ। ਅਗਰ ਉਹ ਮਰ ਜਾਏ ਤਾਂ ਦੁਰਯੋਧਨ ਦੀ ਜਿੱਤ ਯਕੀਨੀ ਹੈ। ਉਹ ਯੋਧਾ ਹੈ ਅਰਜਨ। ਗੁਰੂ ਅਰਜਨ ਦੇਵ ਦੀ ਉਪਮਾ ਕਰਦੇ ਹੋਏ ਭੱਟਾਂ ਨੇ ਪੰਜਾਂ ਪਾਂਡਵਾਂ ਵਿਚੋਂ ਸਿਰਫ਼ ਅਰਜਨ ਦਾ ਨਾਂ ਲਿਆ ਅਤੇ ਕਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਬਚਨ ਅਟਲ ਹਨ। ਗੁਰੂ ਅਰਜਨ ਦੇਵ ਜੀ ਅਰਜਨ ਵਾਂਗੂੰ ਮੈਦਾਨ ਵਿਚ ਅਹਿਲ ਹਨ ਡੋਲਦੇ ਨਹੀਂ–

**ਗੁਰੁ ਅਰਜਨੁ ਪੁਰਖੁ ਪ੍ਰਮਾਣੁ, ਪਾਰਥਉ ਚਾਲੈ ਨਾਹੀ ॥**
**ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥**

**(ਸਵਈਏ ਮ: ਪੰਜਵੇਂ ਕੇ, ਪੰਨਾ ੧੪੦੮)**

ਭਾਈ ਸੰਤੋਖ ਸਿੰਘ ਜੀ ਨੇ ਵੀ ਸਤਿਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੂੰ ਅਰਜਨ ਦੇ ਤੀਰਾਂ ਨਾਲ ਤੁਲਨਾ ਦਿੱਤੀ ਹੈ ਕਿ ਅਰਜਨ ਦਾ ਤੀਰ ਖ਼ਾਲੀ ਨਹੀਂ ਸੀ ਜਾਂਦਾ–ਵੈਰੀ ਨੂੰ ਮਾਰ ਹੀ ਦਿੰਦਾ ਸੀ। ਸਤਿਗੁਰੂ ਅਰਜਨ ਦੇਵ ਦਾ ਬਚਨ ਬਿਰਥਾ ਨਹੀਂ ਜਾਂਦਾ–ਮੋਹ ਨੂੰ ਮਾਰ ਹੀ ਦਿੰਦਾ ਹੈ–

**ਅਰਜਨ ਸੁਨਤ ਸੋ ਦਾਸਨ ਕੋ ਦਾਨ ਦੇਤ**
**ਮੋਹ ਕੇ ਬਿਦਾਰਬੇ ਕੋ ਵਾਕ ਸਰ ਅਰਜਨ।**

(ਗੁ. ਪ੍ਰ. ਸੂ)

ਅਰਜਨ ਦੀ ਇੰਨੀ ਮਹਿਮਾ ਕਿਉਂ ਹੈ। ਉਸ ਬੰਦੇ ਦੀ ਸਾਰਥੀ ਦੀ ਚੋਣ ਕਮਾਲ ਹੈ। ਅਰਜਨ ਦੀ ਜਿੱਤ ਦਾ ਕਾਰਨ ਕ੍ਰਿਸ਼ਨ ਦਾ ਸਾਰਥੀ ਹੋਣਾ ਹੈ। ਉਸ ਨੇ ਸਮੇਂ ਅਨੁਸਾਰ ਅਰਜਨ ਦੇ ਰੱਥ ਤੇ ਘੋੜਿਆਂ ਨੂੰ ਵੀ ਸਾਂਭਿਆ ਹੈ ਅਤੇ ਵੱਡੀ ਗੱਲ ਹੈ ਕਿ ਅਰਜਨ ਦੇ ਡੋਲਦੇ ਥਿੜਕਦੇ ਮਨ ਨੂੰ ਵੀ ਸਾਂਭਿਆ ਹੈ। ਅਰਜਨ ਵਾਰ-ਵਾਰ ਡੋਲਦਾ ਹੈ ਉਹ ਵਾਰ-ਵਾਰ ਖੜ੍ਹਾ ਕਰਦੇ ਹਨ। ਜਿਹੜਾ ਬੰਦਾ ਮਨ ਨੂੰ ਇੰਦ੍ਰੀਆਂ ਸੌਂਪ ਦੇਵੇ ਉਹ ਕਿਸੇ ਖੱਡੇ ਵਿਚ ਡਿੱਗ ਕੇ ਰਥ ਤੋੜ ਦੇਵੇਗਾ ਅਤੇ ਆਪ ਮਰੇਗਾ। ਜੀਵਨ ਦੀ ਬਾਜ਼ੀ ਹਾਰ ਜਾਵੇਗਾ। ਉਸ ਨੂੰ ਦੁਰਯੋਧਨ ਸੌਖਾ ਹੀ ਜਿੱਤ ਜਾਵੇਗਾ ਪਰ ਜਿਸ ਨੇ ਆਪਣਾ ਸਾਰਥੀ ਮਨ ਦੀ ਮੱਤ ਨੂੰ ਨਹੀਂ ਬਣਾਇਆ। ਗੁਰਮਤਿ ਨੂੰ ਗਿਆਨ ਇੰਦ੍ਰੇ ਕਰਮ ਇੰਦ੍ਰੀਆਂ ਦੀਆਂ ਵਾਗਾਂ ਸੌਂਪੀਆਂ ਹਨ ਉਹ ਬੰਦਾ ਜੀਵਨ ਖੇਡ ਵਿਚ ਹਾਰੇਗਾ ਨਹੀਂ ਉਹ ਜ਼ਰੂਰ ਜਿੱਤ ਕੇ ਜਾਏਗਾ। ਅਰਜਨ ਦੇ ਸਾਹਮਣੇ ਬੜੇ ਵੱਡੇ-ਵੱਡੇ ਯੋਧੇ ਆਉਂਦੇ ਹਨ ਜਿਨ੍ਹਾਂ ਨੂੰ ਵਰ ਸੀ ਕਿ ਮਰਜ਼ੀ ਨਾਲ ਮਰਨਗੇ। ਭੀਸ਼ਮ ਵਰਗੇ ਯੋਧੇ ਪਰ ਅਰਜਨ ਇਕ-ਇਕ ਨੂੰ ਮਾਰ ਲੈਂਦਾ ਹੈ। ਇਸੇ ਤਰ੍ਹਾਂ ਸਤਿਗੁਰੂ ਦਾ ਸਿੱਖ ਗੁਰੂ ਸ਼ਬਦ ਦੇ ਸਹਾਰੇ ਨੂੰ, ਸ਼ਬਦ ਨੂੰ ਸਾਰਥੀ ਬਣਾ ਕੇ ਇਕ-ਇਕ ਅਵਗੁਣ ਨੂੰ ਮਾਰ ਲੈਂਦਾ ਹੈ ਤੇ ਜਿੱਤ ਪ੍ਰਾਪਤ ਕਰਦਾ ਹੈ। ਜਿਵੇਂ ਵਿਗਿਆਨਕ ਨੇ ਸ਼ਕਤੀ 'ਤੇ ਕੰਟਰੋਲ ਕਰ ਲਿਆ ਤੇ ਦੁਨੀਆਂ ਨੂੰ ਸਹੂਲਤਾਂ ਮਿਲੀਆਂ ਹਨ, ਇਸੇ ਤਰ੍ਹਾਂ ਜੇ ਰੱਬ ਦਾ ਪਿਆਰਾ ਮਨ ਬਚਨ ਕਰਮ ਨੂੰ ਕੰਟਰੋਲ ਕਰ ਲਵੇ ਤਾਂ ਜੀਵਨ ਚਿੰਤਾ ਨਹੀਂ ਬਣੇਗਾ। ਜੀਵਨ ਇਕ ਅਨੰਦ ਬਣੇਗਾ। ਇਕ ਫ਼ਰਕ ਹੈ ਉਸ ਨੂੰ ਸਮਝ ਲੈਣਾ ਬੜਾ ਜ਼ਰੂਰੀ ਹੈ। ਜਿਵੇਂ ਇਕ ਸਾਇੰਸਦਾਨ ਸ਼ਕਤੀ ਦੇ ਨਿਯਮਾਂ ਨੂੰ ਸਮਝ ਕੇ ਉਸ ਨੂੰ ਕਾਬੂ ਵਿਚ ਕਰਕੇ ਕੰਮ ਲੈਂਦਾ ਹੈ ਇਸ ਤਰ੍ਹਾਂ ਅਸੀਂ ਧਰਮ ਦੇ ਸਬੰਧ ਵਿਚ ਆਪ ਕੁਝ ਨਹੀਂ ਕਰ ਸਕਦੇ।

ਅਸੀਂ ਸਭ ਕੁਝ ਜਾਣਦੇ ਹੋਏ ਫਿਰ ਅਵਗੁਣ ਕਰਦੇ ਹਾਂ। ਸਾਡੇ ਕੋਲੋਂ ਮਨ ਬਚਨ ਕਰਮ ਬੇਕਾਬੂ ਹੋ ਜਾਂਦੇ ਹਨ। ਜੋ ਸੋਚਣਾ ਨਹੀਂ ਚਾਹੁੰਦੇ, ਉਹ ਵੀਚਾਰ ਵਾਰ-ਵਾਰ ਆਈ ਜਾਂਦੀ ਹੈ। ਕਈ ਵਾਰ ਸਾਰੀ ਰਾਤ ਨੀਂਦ ਹਰਾਮ ਹੋ ਜਾਂਦੀ ਹੈ। ਬੰਦਾ ਆਪਣੀ ਵੀਚਾਰ 'ਤੇ ਕਾਬੂ ਨਹੀਂ ਪਾ ਸਕਦਾ, ਹਾਲਾਂਕਿ ਚੰਗੀ ਤਰ੍ਹਾਂ ਸਮਝਦਾ ਹੈ ਕਿ ਇਹ ਵੀਚਾਰ ਬੇਕਾਰ ਹੈ ਇਹ ਗੱਲ ਸੋਚਣੀ ਹੀ ਨਹੀਂ ਲੇਕਿਨ ਫਿਰ ਵਾਰ-ਵਾਰ ਉਹ ਵੀਚਾਰ ਆਈ ਜਾਂਦੀ ਹੈ ਵੀਚਾਰ ਬੇਕਾਬੂ ਹੋ ਜਾਂਦੀ ਹੈ। ਬੰਦਾ ਮਨ ਪੱਕਾ ਕਰਦਾ ਹੈ ਕਿ ਇਹ ਗੱਲ ਕਿਸੇ ਨੂੰ ਨਹੀਂ ਦੱਸਣੀ, ਲੇਕਿਨ ਫਿਰ ਮੂੰਹੋਂ ਨਿਕਲ ਜਾਂਦੀ ਹੈ। ਹੈਰਾਨ ਹੋ ਜਾਂਦਾ ਹੈ ਕਿ ਮੈਂ ਤਾਂ ਪੱਕਾ ਫੈਸਲਾ ਕੀਤਾ ਸੀ ਕਿ ਇਹ ਗੱਲ ਮੂੰਹੋਂ ਨਹੀਂ ਕੱਢਣੀ। ਇਸ ਨੂੰ ਯਾਦ ਹੈ ਕਿ ਗੱਲ ਕਹਿੰਦੀ ਹੈ ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਸ਼ਹਿਰੋਂ ਕੱਢਾਂਗੀ। ਇਸ ਨੂੰ ਐਸੇ ਸ਼ੇਅਰ ਵੀ ਯਾਦ ਹਨ-

**ਬਸ਼ਰ ਰਾਜ਼ ਦਿੱਲੀ ਦੇ ਕਰ ਜ਼ਲੀਲੋ ਖ਼ੁਵਾਰ ਹੋਤਾ ਹੈ।**
**ਨਿਕਲ ਜਾਤੀ ਹੈ ਬੂ ਤੋ ਗੁਲ ਬੇਕਾਰ ਹੋਤਾ ਹੈ।**

ਪਰ ਇਹ ਸਭ ਕੁਝ ਜਾਣਦਿਆਂ ਫਿਰ ਗੱਲ ਮੂੰਹੋਂ ਨਿਕਲ ਜਾਂਦੀ ਹੈ। ਇਸ ਦੀ ਬੇਵਸੀ ਹੈ, ਬਚਨਾਂ ਦੀ ਸ਼ਕਤੀ ਬੇਕਾਬੂ ਹੈ। ਇਹੀ ਹਾਲ ਮਨੁੱਖ ਦੇ ਕਰਮਾਂ ਦਾ ਹੈ, ਜਿਹੜਾ ਕੰਮ ਨਹੀਂ ਸੀ ਕਰਨਾ ਉਹੀ ਇਸ ਪਾਸੋਂ ਹੋ ਜਾਂਦਾ ਹੈ। ਸੌ ਵਾਰ ਪੱਕਾ ਫੈਸਲਾ ਕੀਤਾ ਸੀ ਕਿ ਇਹ ਕੰਮ ਨਹੀਂ ਕਰਨਾ ਪਰ ਫਿਰ ਹੋ ਜਾਂਦਾ ਹੈ। ਮਨੋਵਿਗਿਆਨੀ ਕਹਿੰਦੇ ਹਨ ਇਹ ਕਰਮ ਦਾ ਪ੍ਰਤੀਕਰਮ ਹੈ। ਤੁਸੀਂ ਜੋ ਵੀ ਤੈਅ ਕਰੋਗੇ ਕਿ ਨਹੀਂ ਕਰਨਾ ਉਹੀ ਤੁਹਾਡੇ ਕੋਲੋਂ ਹੋ ਜਾਵੇਗਾ। ਐਸਾ ਹੁੰਦਾ ਕਿਉਂ ਹੈ? ਕੀ ਬੰਦਾ ਫਿਰ ਸਭ ਕੁਝ ਉਲਟ ਤੈਅ ਕਰੇ ਤਾਂ ਕਿ ਪ੍ਰਤੀਕਰਮ ਹੋ ਕੇ ਠੀਕ ਹੋ ਜਾਵੇ। ਅਸੀਂ ਬੁਰਾ-ਬੁਰਾ ਕਰਨਾ ਤੈਅ ਕਰ ਲਈਏ ਤਾਂ ਕਿ ਸਾਡੇ ਪਾਸੋਂ ਭਲਾ ਹੋ ਜਾਵੇ, ਨਹੀਂ ਅਸੀਂ ਫਿਰ ਵੀ ਸਫਲ ਨਹੀਂ ਹੋ ਸਕਾਂਗੇ। ਅਸੀਂ ਇਹ ਬੇਈਮਾਨੀ ਕਿਸ ਨਾਲ ਕਰਾਂਗੇ। ਇਕ ਹੈਰਾਨਕੁੰਨ ਘਟਨਾ ਘਟੇਗੀ ਕਿ ਭਲਾ ਤੈਅ ਕਰਾਂਗੇ ਭਲਾ ਨਹੀਂ ਹੋਵੇਗਾ। ਬੁਰਾ ਤੈਅ ਕਰਕੇ ਤੁਰਾਂਗੇ ਤਾਂ ਬੁਰਾ ਹੋ ਜਾਏਗਾ ਉਸਦਾ ਕੋਈ ਪ੍ਰਤੀਕਰਮ ਨਹੀਂ ਹੋਵੇਗਾ।

ਇਸਦਾ ਇਲਾਜ ਇਕੋ ਹੀ ਹੈ ਜੋ ਉੱਪਰ ਲਿਖ ਆਏ ਹਾਂ ਕਿ ਸਾਰਥੀ ਸ਼ਬਦ ਹੋਵੇ। ਗੁਰੂ ਰਥਵਾਨ ਹੋਵੇਗਾ ਤਾਂ ਰੱਥ ਟਿਕਾਣੇ ਪੁੱਜ ਜਾਏਗਾ ਤੇ ਦੁਸ਼ਮਨਾਂ ਨੂੰ ਲਿਤਾੜ ਕੇ ਸਹੀ ਸਲਾਮਤ ਪੁੱਜ ਜਾਏਗਾ। ਸ਼ਕਤੀ 'ਤੇ ਕੰਟਰੋਲ ਹੋ ਸਕਦਾ ਹੈ। ਮਨ 'ਤੇ, ਬਚਨਾਂ 'ਤੇ, ਕਰਮਾਂ 'ਤੇ ਪਰ ਇਹ ਹੋਵੇਗਾ ਤਾਂ ਜੇ ਸਤਿਗੁਰੂ ਦੀ ਸ਼ਰਨ ਵਿਚ ਆਵਾਂਗੇ। ਰੱਬੀ ਰਜ਼ਾ ਵਿਚ ਚਲਿਆਂ ਬਿਨਾਂ ਜੀਵਨ ਦੀਆਂ ਸ਼ਕਤੀਆਂ ਬੇਕਾਬੂ ਹੀ ਰਹਿਣਗੀਆਂ। ਬੰਦੇ ਦੇ ਜੀਵਨ ਵਿਚ ਬੇਸੁਆਦੀਆਂ ਆਉਂਦੀਆਂ ਹੀ ਰਹਿਣਗੀਆਂ ਤੇ ਆਖਰ ਇਹ ਜੀਵ ਨਿਰਾਸ਼ ਹੋ ਕੇ ਸੰਸਾਰ ਤੋਂ ਤੁਰ ਜਾਏਗਾ। ਸਾਡੇ ਉੱਤੇ ਨਿੱਤ ਹੀ ਕੋਈ-ਨਾ-ਕੋਈ ਵਲੀ ਕੰਧਾਰੀ ਪਹਾੜ ਰੇੜ੍ਹ ਦਿੰਦਾ ਹੈ। ਸਾਨੂੰ ਪਾਣੀ ਤਾਂ ਨਹੀਂ ਮਿਲਦਾ। ਅਸੀਂ ਪਿਆਸੇ ਹੀ ਮੁਸ਼ਕਿਲਾਂ ਦੇ ਪਹਾੜ ਥੱਲੇ ਆ ਕੇ ਦੱਬ ਕੇ ਮਰ ਜਾਂਦੇ ਹਾਂ। ਸਾਡੀ ਆਵਾਜ਼ ਵੀ ਨਹੀਂ ਨਿਕਲਦੀ। ਦਮ ਘੁਟਿਆ ਜਾਂਦਾ ਹੈ। ਅਸੀਂ ਐਸੇ ਬੇਦਰਦ ਸ਼ਿਕਾਰੀ ਦੇ ਸ਼ਿਕਾਰ ਹੋ ਜਾਂਦੇ ਹਾਂ ਜਿਸ ਬਾਰੇ ਕਿਹਾ ਹੈ-

**ਨਾ ਤੜਪਨੇ ਕੀ ਇਜਾਜ਼ਤ ਹੈ ਨਾ ਫਰਯਾਦ ਕੀ ਹੈ।**
**ਦਮ ਘੁਟ ਕੇ ਮਰ ਜਾਊਂ ਯੇ ਮਰਜ਼ੀ ਮੇਰੇ ਸੱਯਾਦ ਕੀ ਹੈ।**

ਸਾਨੂੰ ਸਤਿਗੁਰੂ ਦੇ ਨਿਕਟਵਰਤੀ ਪੂਰਨ ਗੁਰਸਿੱਖ ਭਾਈ ਮਰਦਾਨਾ ਜੀ ਦੀ ਉਹ ਜੁਗਤਿ ਯਾਦ ਆ ਜਾਣੀ ਚਾਹੀਦੀ ਹੈ। ਪਹਾੜ ਰਿੜ੍ਹਦਾ ਆ ਰਿਹਾ ਸੀ ਮਰਦਾਨਾ ਜੀ ਬਚਣ ਵਾਸਤੇ ਹੋਰ ਕਿਸੇ ਪਾਸੇ ਨਹੀਂ ਦੌੜੇ। ਭਾਈ ਮਰਦਾਨਾ ਜੀ ਨੇ ਸਤਿਗੁਰੂ ਨਾਨਕ ਦੇਵ ਦੇ ਚਰਨਾਂ 'ਤੇ ਸਿਰ ਰੱਖ ਦਿੱਤਾ ਤੇ ਕਿਹਾ ਪਾਤਸ਼ਾਹ ਬਚਾਉ!

ਇਹੀ ਜੁਗਤਿ ਜਿਹੜਾ ਅਪਣਾਏਗਾ ਉਹੀ ਬਚੇਗਾ, ਉਸਦਾ ਜੀਵਨ ਅਨੰਦਤ ਹੋਵੇਗਾ। ਸਤਿਗੁਰੂ ਉਸ ਸਿੱਖ ਵੱਲ ਆਉਂਦੇ ਮੁਸੀਬਤਾਂ ਦੇ ਪਹਾੜ ਨੂੰ ਰੋਕ ਲੈਣਗੇ। ਸਤਿਗੁਰਾਂ ਦਾ ਹੱਥ ਪੰਜਾ ਸਾਹਿਬ ਸਿੱਖ ਨੂੰ ਬਚਾਏਗਾ। ਫਿਰ ਜੀਵਨ ਬੇਸੁਆਦਾ ਨਹੀਂ ਹੋਵੇਗਾ ਪਰਬਤ ਰੋਕ ਕੇ ਸਤਿਗੁਰੂ ਸਿੱਖ ਨੂੰ ਅੰਮ੍ਰਿਤ ਜਲ ਛਕਾਉਣਗੇ। ਜਨਮਾਂ-ਜਨਮਾਂ ਦੀ ਪਿਆਸ ਮੁਕਾ ਦੇਣਗੇ। ਹੰਕਾਰੀ ਵਲੀ ਕੰਧਾਰੀ ਚਰਨਾਂ ਵਿਚ ਡਿੱਗ ਕੇ ਮੁਆਫ਼ੀ ਮੰਗਦਾ ਹੋਵੇਗਾ।

ਇਹ ਹੈ ਜੀਵਨ ਦਾ ਸੁਆਦ। ਬੰਦਾ ਸੰਸਾਰ ਵਿਚ ਆਵੇ, ਮਰਦਾਨਾ ਬਣ ਕੇ ਸਤਿਗੁਰੂ ਦੀ ਸ਼ਰਨ ਵਿਚ ਰਹੇ। ਰੱਬ ਦੀ ਸਿਫਤ ਸਲਾਹ ਕਰਕੇ ਜੀਵਨ ਇਕ ਅਗੰਮੀ ਸਵਾਦ ਬਣੇ ਪਰ ਐਸਾ ਤਾਂ ਹੀ ਹੋਵੇਗਾ ਜੇ ਬਹੀਐ ਪੜਿਆ ਪਾਸਿ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਮਾਰਚ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. **ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ ਬਾਰੇ** :- ਲੁਬਾਣਾ ਸਮਾਜ ਵਿਚ ਦਿਨੋਂ-ਦਿਨ ਵੱਧ ਰਹੀਆਂ ਸਮਾਜਿਕ ਕੁਰੀਤੀਆਂ ਅਤੇ ਸਮਾਜਿਕ ਬੁਰਾਈਆਂ ਨੂੰ ਮੁੱਖ ਰੱਖਦੇ ਹੋਏ ਅਤੇ "ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ(ਰਜਿ.) ਸੈਕਟਰ-30ਏ, ਚੰਡੀਗੜ੍ਹ" ਵੱਲੋਂ "ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ" ਦੀ ਬਣਤਰ ਕੀਤੀ ਗਈ ਹੈ। ਜਿਸ ਦੀ ਪਹਿਲੀ ਮੀਟਿੰਗ ਮਿਤੀ 09-03-2019 ਨੂੰ ਦਿਨ ਸ਼ਨੀਵਾਰ ਫਾਉਂਡੇਸ਼ਨ ਦੇ ਕਾਨਫਰੈਂਸ ਰੂਮ ਵਿਚ ਪ੍ਰਧਾਨ ਜਗੀਰ ਸਿੰਘ ਲਾਲੀਆ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਹਰਿਆਣਾ ਪੰਜਾਬ ਤੋਂ ਆਏ ਮੈਂਬਰਾਂ ਨੇ ਆਪਣੇ-ਆਪਣੇ ਵਿਚਾਰ ਰੱਖੇ। ਸਮੂਹ ਵਿਚਾਰ-ਵਟਾਂਦਰੇ ਤੋਂ ਬਾਅਦ ਹੇਠ ਲਿਖੇ ਵਿਸ਼ਿਆਂ ਬਾਰੇ ਵਿਚਾਰ ਕਰਨ ਲਈ ਫਾਇਨਲ ਕੀਤਾ ਗਿਆ:-

1. ਵਿਆਹ ਦੇ ਸੱਦਾ ਪੱਤਰ ਕਾਰਡ ਤੇ ਖ਼ਰਚਾ ਘਟਾਇਆ ਜਾਵੇ।
2. ਦਾਜ ਰਹਿਤ ਵਿਆਹ ਕਰਨੇ/ਕਰਵਾਉਣ ਬਾਰੇ ਸਮਾਜ ਦੇ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਪ੍ਰੇਰਿਤ ਕੀਤਾ ਜਾਵੇ।
3. ਵਿਆਹ ਦੇ ਟੋਟਲ ਰਿਤੀ-ਰਿਵਾਜ਼ਾਂ ਨੂੰ ਦੋਂ ਫੰਕਸ਼ਨਾਂ ਵਿੱਚ ਹੀ ਸੀਮਿਤ ਕੀਤਾ ਜਾਵੇ।
4. ਰੂਰਲ ਏਰੀਆ ਵਿੱਚ ਐਜੂਕੇਸ਼ਨ ਬਾਰੇ ਪ੍ਰਚਾਰ ਕੀਤਾ ਜਾਵੇ, ਤਾਂ ਜੋ ਸਮਾਜ ਦੇ ਪੜ੍ਹੇ-ਲਿਖੇ ਲੋਕ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਆਪਣਾ ਯੋਗਦਾਨ ਦੇ ਸਕਣ।
5. ਲੋੜਵੰਦ ਤਲਾਕਸ਼ੁਦਾ ਲੜਕੀਆਂ ਨੂੰ ਕਾਨੂੰਨੀ ਸਹਾਇਤਾ ਦੇਣਾ/ਕਰਵਾਉਣਾ।

ਇਹ ਸਭ ਫੈਸਲੇ ਅਜੇ ਫਾਇਨਲ ਨਹੀਂ ਕੀਤੇ ਗਏ ਕਿਉਂਕਿ ਇਕ ਦੋ ਹੋਰ ਮੀਟਿੰਗਾਂ ਕਰਨ ਤੋਂ ਬਾਅਦ ਅਤੇ ਸਮਾਜ ਦੇ ਹੋਰ ਪਤਵੰਤੇ ਸਜੱਣਾ ਦੇ ਸੁਝਾਓ ਲੈ ਕੇ ਇਹ ਆਖ਼ਰੀ ਫੈਸਲੇ ਲਏ ਜਾਣਗੇ।

ਅਖ਼ੀਰ ਵਿਚ ਪ੍ਰਧਾਨ ਜੀ ਨੇ ਦੱਸਿਆ ਕਿ ਇਸ ਫੋਰਮ ਦੇ ਸਭ ਫੈਸਲੇ ਲਾਗੂ ਕਰਨ ਵਾਸਤੇ ਪੰਜਾਬ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਵਿਚ ਲੋਕਲ ਕਮੇਟੀਆਂ ਬਣਾਈਆਂ ਜਾਣਗੀਆਂ ਜੋ ਪਿੰਡ-ਪਿੰਡ ਇਸ ਬਾਰੇ ਪ੍ਰਚਾਰ ਕਰਨਗੀਆਂ ਅਤੇ ਸਮਾਜ ਦੇ ਹਰ ਵਿਅਕਤੀ ਦੀ ਸਹਿਮਤੀ ਪ੍ਰਾਪਤ ਕਰਨਗੀਆਂ। ਪ੍ਰਧਾਨ ਜੀ ਨੇ ਇਹ ਵੀ ਦੱਸਿਆ ਕਿ ਹਰਿਆਣਾ ਵਿਚ ਅੰਬਾਲਾ ਅਤੇ ਨਰਾਇਣਗੜ੍ਹ ਵਿਚ ਸਮਾਜ ਸੁਧਾਰ ਕਮੇਟੀਆਂ ਚੱਲ ਰਹੀਆਂ ਹਨ, ਉਨ੍ਹਾਂ ਦੀ ਵੀ ਸਹਾਇਤਾ ਲਈ ਜਾਵੇਗੀ ਅਤੇ ਉਨ੍ਹਾਂ ਨਾਲ ਤਾਲਮੇਲ ਕੀਤਾ ਜਾਵੇਗਾ।



**2. ਨਾਢੂਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾਉਣ ਬਾਰੇ** :- ਇਸ ਬਾਰੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਮੀਤ ਪ੍ਰਧਾਨ, ਵਿੱਤ ਸਕੱਤਰ ਗੁਰਦੁਆਰਾ ਨਾਢਾ ਸਾਹਿਬ ਦੇ ਮੈਨੇਜਰ ਸਾਹਿਬ ਨੂੰ ਮਿਲਕੇ ਵਿਚਾਰ-ਵਟਾਂਦਰਾ ਕੀਤਾ ਸੀ ਅਤੇ ਬੇਨਤੀ ਕੀਤੀ ਸੀ ਕਿ ਜਿਸ ਤਰ੍ਹਾਂ ਪਹਿਲਾਂ ਇਤਿਹਾਸ ਵਿਚ ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲ ਲੁਬਾਣਾ ਲਫ਼ਜ਼ ਲਿਖਿਆ ਸੀ ਉਸੇ ਤਰ੍ਹਾਂ ਹੀ ਲਿਖ ਦਿੱਤ ਜਾਵੇ। ਮੈਨੇਜਰ ਸਾਹਿਬ ਨੇ ਕਿਹਾ ਸੀ ਕਿ ਤੁਸੀਂ ਲਿਖ ਕੇ ਦਿਓ ਅਤੇ ਉਸ ਪੱਤਰ ਦੀ ਕਾਪੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਭੇਜ ਦਿਓ। ਇਸ ਬਾਰੇ ਪਹਿਲਾ ਪੱਤਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਨੂੰ 16-11-2018 ਨੂੰ ਭੇਜਿਆ ਗਿਆ ਸੀ ਅਤੇ ਉਸ ਦੀ ਕਾਪੀ ਮੈਨੇਜਰ ਗੁਰਦੁਆਰਾ ਨਾਢਾ ਸਾਹਿਬ ਅਤੇ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਨੂੰ ਵੀ ਭੇਜੀ ਗਈ ਸੀ। ਕੋਈ ਜਵਾਬ ਨਾ ਆਉਣ ਤੇ 22-02-2019 ਨੂੰ ਇੱਕ ਯਾਦ ਪੱਤਰ ਫਿਰ ਲਿਖਿਆ ਗਿਆ ਸੀ। ਜਿਸ ਦੇ ਜਵਾਬ ਵਿਚ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਤੁਹਾਡਾ ਮੰਗ/ਅਰਜ਼ੀ ਪੱਤਰਿਕਾ ਦਫ਼ਤਰ ਵਿਚ ਪ੍ਰਾਪਤ ਹੋ ਚੁੱਕੀ ਹੈ, ਜਿਸ ਦਾ ਰਸੀਦ ਨੰ.3793 ਹੈ।

ਮਿਤੀ 23-03-2019 ਨੂੰ ਪ੍ਰਧਾਨ ਜਗੀਰ ਸਿੰਘ ਲਾਲੀਆ, ਦੋਵੇਂ ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਅਤੇ ਸ. ਗੁਲਸ਼ਨ ਕੁਮਾਰ ਸਿੰਘ, ਸਕੱਤਰ ਨਿਰਮਲ ਸਿੰਘ, ਰਿਜ਼ਨਲ ਪ੍ਰਧਾਨ ਰਾਜਪਾਲ ਸਿੰਘ, ਅਤੇ ਕਾਰਜਕਾਰਨੀ ਮੈਂਬਰ ਚਰਨਜੀਤ ਸਿੰਘ ਲੁਬਾਣਾ ਮੈਨੇਜਰ ਗੁਰਦੁਆਰਾ ਨਾਢਾ ਸਾਹਿਬ ਹਰਿਆਣਾ ਨੂੰ ਮਿਲਣ ਵਾਸਤੇ ਗਏ ਸੀ, ਪਰ ਮੈਨੇਜਰ ਸਾਹਿਬ ਟੂਰ ਤੇ ਹੋਣ ਕਰਕੇ ਮਿਲ ਨਹੀਂ ਸਕੇ। ਅਸੀਂ ਸਾਰੇ ਸਟਾਫ ਦੇ ਹੋਰ ਮੈਂਬਰਾਂ ਨੂੰ ਮਿਲ ਕੇ ਆਪਣਾ ਸੁਨੇਹਾ ਛੱਡ ਕੇ ਆਏ ਤਾਂਕਿ ਇਸ ਵਿਸ਼ੇ ਤੇ ਵਿਚਾਰ ਕਰਕੇ ਛੇਤੀ ਤੋਂ ਛੇਤੀ ਫੈਸਲਾ ਕੀਤਾ ਜਾਵੇ। ਇਸ ਬਾਰੇ ਕੋਸ਼ਿਸ਼ ਜਾਰੀ ਰਹੇਗੀ।




**3. ਓ.ਬੀ.ਸੀ ਦੀ ਰੀਜ਼ਰਵੇਸ਼ਨ ਬਾਰੇ** :- ਇਸ ਕੇਸ ਦੇ ਸਬੰਧ ਵਿਚ ਸਾਡੀ ਅਪੀਲ ਮਾਨਯੋਗ ਸੁਪਰੀਮ ਕੋਰਟ ਵਿਚ ਪੈਂਡਿੰਗ ਪਈ ਹੈ। ਇਸ ਬਾਰੇ ਸਾਰੇ ਭਵਨਾਂ ਦੀ ਮੀਟਿੰਗ ਮਿਤੀ 17 ਮਾਰਚ 2019 ਨੂੰ ਗੁੱਜਰ ਭਵਨ ਵਿਚ ਬੁਲਾਈ ਗਈ ਸੀ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਜਨਰਲ ਸਕੱਤਰ ਰਵਿੰਦਰ ਸਿੰਘ ਨੇ ਇਹ ਮੀਟਿੰਗ ਅਟੈਂਡ ਕੀਤੀ। ਇਸ ਮੀਟਿੰਗ ਵਿਚ ਦੱਸਿਆ ਗਿਆ ਕਿ ਜਿਸ ਕਾਰਨ ਮਾਨਯੋਗ ਹਾਈਕੋਰਟ ਨੇ ਇਹ ਕੇਸ

ਰਿਜੈਕਟ ਕੀਤਾ ਸੀ ਉਸੇ ਤਰ੍ਹਾਂ ਦੇ ਕਿਸੇ ਹੋਰ ਕੇਸ ਦਾ ਫੈਸਲਾ ਹੋ ਚੁੱਕਾ ਹੈ। ਇਸ ਬਾਰੇ ਆਸ ਹੈ ਕਿ ਹਾਈਕੋਰਟ ਵਿਚ ਇਹ ਰਿਟ ਸਾਡੇ ਹੱਕ ਵਿਚ ਹੋ ਜਾਵੇਗੀ। ਇਸ ਬਾਰੇ ਰਵੀਜ਼ਨ ਪਟੀਸ਼ਨ ਹਾਈਕੋਰਟ ਵਿਚ ਪਾਈ ਜਾ ਰਹੀ ਹੈ। ਜੋ ਵੀ ਫੈਸਲਾ ਹੋਵੇਗਾ ਦਸ ਦਿੱਤਾ ਜਵੇਗਾ।

4. **ਸ. ਗੁਰਪਾਲ ਸਿੰਘ ਨਰਾਇਣਗੜ੍ਹ ਹਰਿਆਣਾ ਬਾਰੇ** :- ਸ. ਗੁਰਪਾਲ ਸਿੰਘ ਨਰਾਇਣਗੜ੍ਹ ਹਰਿਆਣਾ ਜੋ ਸਮਾਜ ਸੁਧਾਰ ਫੋਰਮ ਦੇ ਮੈਂਬਰ ਵੀ ਹਨ ਨਵੇਂ ਬਣ ਰਹੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਵਿਚ ਇਲਾਕੇ ਦੇ ਪਤਵੰਤੇ ਸਜਣਾ ਦੀ ਮੀਟਿੰਗ ਮਿਤੀ 23-03-2019 ਦਿਨ ਸ਼ਨੀਵਾਰ ਨੂੰ ਬੁਲਾਈ ਗਈ ਸੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੂੰ ਵੀ ਬੁਲਾਇਆ ਗਿਆ ਸੀ। ਇਸ ਮੀਟਿੰਗ ਵਿਚ ਪ੍ਰਧਾਨ ਜਗੀਰ ਸਿੰਘ ਲਾਲੀਆ ਅਤੇ ਦੋਵੇਂ ਮੀਤ ਪ੍ਰਧਾਨ ਬਲਵਿੰਦਰ ਸਿੰਘ ਮੁਲਤਾਨੀ ਅਤੇ ਸ. ਗੁਲਸ਼ਨ ਕੁਮਾਰ ਸਿੰਘ, ਜਨਰਲ ਸਕੱਤਰ ਰਵਿੰਦਰ ਸਿੰਘ, ਸਕੱਤਰ ਨਿਰਮਲ ਸਿੰਘ, ਰਿਜ਼ਨਲ ਪ੍ਰਧਾਨ ਰਾਜਪਾਲ ਸਿੰਘ ਅਤੇ ਕਾਰਜਕਾਰਨੀ ਮੈਂਬਰ ਚਰਨਜੀਤ ਸਿੰਘ ਲੁਬਾਣਾ ਨੇ ਭਾਗ ਲਿਆ। ਪ੍ਰਧਾਨ ਜਗੀਰ ਸਿੰਘ ਲਾਲੀਆ ਨੇ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਸਭ ਪਤਵੰਤੇ ਸੱਜਣਾਂ ਨੂੰ ਬੇਨਤੀ ਕੀਤੀ ਕਿ ਸਮਾਜ ਸੁਧਾਰ ਬਾਰੇ ਸਬ ਕਮੇਟੀਆਂ ਬਣਾ ਕੇ ਇਸ ਵਿਸ਼ੇ ਤੇ ਸਹਿਯੋਗ ਦਿਓ ਤਾਂ ਕਿ ਅਸੀਂ ਸਮਾਜ ਦੀਆਂ ਬੁਰਾਈਆਂ ਤੇ ਨੱਥ ਪਾ ਸਕੀਏ। ਇਸ ਮੀਟਿੰਗ ਵਿਚ ਪ੍ਰਧਾਨ ਜੀ ਨੇ ਦੱਸਿਆ ਕੇ ਵਿਦਿਆ ਖੇਤਰ ਵਿਚ ਵੀ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਅਸੀਂ ਇਸ ਮਕਸਦ ਵਿਚ ਕਾਮਯਾਬ ਹੋ ਸਕੀਏ। ਇਲਾਕੇ ਦੇ ਪਤਵੰਤੇ ਸਜੱਣਾਂ ਨੇ ਵੀ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕੀਤੇ ਅਤੇ ਕਿਹਾ ਕਿ "ਗੁਰੂ ਲਾਧੋ ਰੇ"ਭਵਨ ਨਰਾਇਣਗੜ੍ਹ ਦੀ ਉਸਾਰੀ ਵਿਚ ਸਾਡੀ ਸਹਾਇਤਾ ਕੀਤੀ ਜਾਵੇ ਤਾਂ ਜੋ ਇਸ ਪ੍ਰੋਜੈਕਟ ਨੂੰ ਛੇਤੀ ਤੋਂ ਛੇਤੀ ਪੂਰਾ ਕੀਤਾ ਜਾ ਸਕੇ। ਇਸ ਮੀਟਿੰਗ ਨੂੰ ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਵਿਦਿਆ ਦੇ ਪ੍ਰਸਾਰ ਤੇ ਜ਼ੋਰ ਕੀਤਾ। ਸਕੱਤਰ ਨਿਰਮਲ ਸਿੰਘ ਨੇ ਵੀ ਮੀਟਿੰਗ ਵਿਚ ਕਿਹਾ ਕਿ ਸਾਰੀਆਂ ਬਿਲਡਿੰਗਾਂ ਵਿਚ ਪੱਖੇ ਉਹ ਲਵਾ ਕੇ ਦੇਣਗੇ। ਸ. ਬਲਵਿੰਦਰ ਸਿੰਘ ਮੁਲਤਾਨੀ ਮੀਤ ਪ੍ਰਧਾਨ ਨੇ ਵੀ ਵਾਇਦਾ ਕੀਤਾ ਕਿ ਗੇਟ ਦੀ ਸੇਵਾ ਉਨ੍ਹਾਂ ਦੁਆਰਾ ਕੀਤੀ ਜਾਵੇਗੀ। ਅਖ਼ੀਰ ਵਿਚ ਸਭ ਪਤਵੰਤੇ ਸਜੱਣਾਂ ਨੇ ਭਰੋਸਾ ਦਿਵਾਇਆ ਕਿ ਇਸ ਨੋਬਲ ਕਾਜ ਬਾਰੇਪੂਰਾ ਸਹਿਯੋਗ ਦੇਣਗੇ। ਸ. ਗੁਰਪਾਲ ਸਿੰਘ ਜੀ ਨੇ ਇਲਾਕੇ ਦੇ ਸੱਜਣਾਂ ਵੱਲੋਂ ਪੂਰਾ ਸਹਿਯੋਗ ਦੇਣ ਦਾ ਵਾਇਦਾ ਵੀ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਸਬ ਕਮੇਟੀਆਂ ਬਣਾ ਕੇ ਲੋਕਾਂ ਨੂੰ ਸਮਾਜ ਸੁਧਾਰ ਅਤੇ ਵਿਦਿਆ ਬਾਰੇ ਪ੍ਰੇਰਿਤ ਕੀਤਾ ਜਾਵੇਗਾ। ਜੇਕਰ ਕਿਸੇ ਮੈਂਬਰ/ਅਹੁਦੇਦਾਰ ਨੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਉਂਟ ਨੰਬਰ ਤੇ ਰੁਪਏ ਪਾ ਸਕਦੇ ਹਨ: ਬੈਂਕ ਦਾ ਨਾਮ- ਪੰਜਾਬ ਨੈਸ਼ਨਲ ਬੈਂਕ, ਬੈਂਕ ਅਕਾਉਂਟ ਨੰ- 273300010290938, -0273300.




5. **ਸੋਲਰ ਸਿਸਟਮ ਲਗਵਾਉਣ ਬਾਰੇ** :- ਸੋਲਰ ਸਿਸਟਮ ਲਗਵਾਉਣ ਦਾ ਮਹੀਰਾ ਜੇਕਸਨ ਕੰਪਨੀ ਨਾਲ 20,50,000/- ਰੁ: ਦਾ ਕਾਂਟਰੈਕਟ ਹੋ ਚੁੱਕਾ ਹੈ। ਇਸ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਪਹਿਲੀਆਂ ਦੋ ਕਿਸ਼ਤਾਂ (6,15,000/-+6,15,000/-)=12,30,000/-ਰੁ: ਦੀ ਪੇਮੈਂਟ ਕਰ ਦਿੱਤੀ ਗਈ ਹੈ। ਉਮੀਦ ਹੈ ਕਿ ਅਪ੍ਰੈਲ ਮਹੀਨੇ ਦੇ ਅਖ਼ੀਰ ਤੱਕ ਕੰਮ ਪੂਰਾ ਹੋ ਜਾਵੇਗਾ। ਸਮੂਹ ਮੈਂਬਰ ਅਤੇ ਅਹੁਦੇਦਾਰਾਂ ਨੂੰ ਬੇਨਤੀ ਹੈ ਕਿ ਇਸ ਕੰਮ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਣ ਅਤੇ ਆਪਣੀ ਕਮਾਈ ਸਫ਼ਲ ਕਰਨ। 50,000/-ਰੁ: ਜਾਂ ਇਸਤੋਂ ਵੱਧ ਯੋਗਦਾਨ ਪਾਉਣ ਵਾਲੇ ਮੈਂਬਰ ਅਹੁਦੇਦਾਰ ਦਾ ਨਾਮ ਬੋਰਡ ਤੇ ਦਾਨੀ ਸੱਜਣ ਦੇ ਤੌਰ ਤੇ ਲਿਖਿਆ ਜਾਵੇਗਾ।

**6. ਮੋਬਾਇਲ ਵੈਨ/ਐਂਬੂਲੈਂਸ ਬਾਰੇ** :- ਮੋਬਾਇਲ ਵੈਨ ਅੱਜ-ਕੱਲ੍ਹ ਨਰਾਇਣਗੜ੍ਹ ਹਰਿਆਣਾ ਦੇ ਏਰੀਏ ਵਿਚ ਚੱਲ ਰਹੀ ਹੈ। ਮਾਰਚ ਦੇ ਮਹੀਨੇ ਵਿਚ ਹੇਠ ਲਿਖੇ ਕੈਂਪ ਲਗਾਏ ਗਏ ਹਨ:-

**ਮੈਡੀਕਲ ਕੈਂਪ ਬਾਰੇ** :- ਮਾਰਚ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 304 ਕੈਂਪ ਲਗਾਏ ਗਏ ਹਨ। ਜਿਸਦਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ. | ਮਿਤੀ ਅਤੇ ਸਥਾਨ | ਮਰੀਜ਼ |
|---|---|---|
| 1. | 01-03-2019/ਲੋਹਾ | 25 |
| 2. | 05-03-2019/ਭੂਰੇਵਾਲਾ | 32 |
| 3. | 06-03-2019/ਭੂਰੇਵਾਲਾ | 32 |
| 4. | 08-03-2019/ਕੋਹਰਾ | 30 |
| 5. | 10-03-2019/ਫਤਿਹਪੁਰ | 35 |
| 6. | 11-03-2019/ਫਤਿਹਪੁਰ | 45 |
| 7. | 13-03-2019/ਖਾਨਪੁਰ | 41 |
| 8. | 14-03-2019/ਸੈਨ ਮਾਜਰਾ | 05 |
| 9. | 25-03-2019/ਪੁਲੇਵਾਲਾ | 33 |
| 10. | 26-03-2019/ਨਗੋਲੀ | 26 |

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ, ਕਲੀਨਿਕਲ ਲੈਬਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇਹਨ। ਮੈਡੀਕਲ ਓ.ਪੀ.ਡੀ ਅਤੇ ਕਲੀਨਿਕਲ ਲੈਬ ਦੇ ਮਾਰਚ ਮਹੀਨੇ ਦੇ ਇਲਾਜ ਦਾ ਵੇਰਵਾ ਦਾ ਵੇਰਵਾ ਇਸ ਤਰ੍ਹਾਂ ਹੈ:-

**ਜਨਵਰੀ ਮਹੀਨੇ ਦੇ ਇਲਾਜ ਦਾ ਵੇਰਵਾ:-**

| | | | |
|---|---|---|---|
| 1. | ਮੈਡੀਕਲ ਓ.ਪੀ.ਡੀ | - | 140 |
| 2. | ਮੈਡੀਕਲ ਲੈਬ | - | 34 |
| 3. | ਡੈਂਟਲ ਕਲੀਨਿਕ | - | 42 |

**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਊਂਡੇਸ਼ਨ ਚੰਡੀਗੜ੍ਹ।**

## ਆਓ ਵਿਚਾਰ ਕਰੀਏ

* ਭਾਰਤ ਵਿਚ ਸਿਆਸਤ ਕੁਝ ਲੋਕਾਂ ਲਈ ਮਨੋਰੰਜਨ ਦਾ ਸਾਧਨ ਹੈ।

-ਮਹਾਤਮਾ ਗਾਂਧੀ

* ਇਕ ਵਾਰ ਸੱਤਾ ਮਿਲਣ ਉੱਤੇ ਉਸ ਨੂੰ ਕਿਸੇ ਵੀ ਕੀਮਤ 'ਤੇ ਬਣਾਈ ਰੱਖਣ ਦੀ ਲਾਲਸਾ ਅਕਸਰ ਸੱਤਾਧਾਰੀਆਂ ਵਿਚ ਪੈਦਾ ਹੋ ਜਾਂਦੀ ਹੈ।

-ਗੋਲਵਸਕਰ

* ਰਾਜਨੀਤੀ ਕੁਝ ਵਿਅਕਤੀਆਂ ਨੂੰ ਲਾਭ ਦੇਣ ਲਈ ਅਨੇਕਾਂ ਵਿਅਕਤੀਆਂ ਦਾ ਪਾਗਲਪਨ ਹੈ।

-ਪੋਪ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਸਤਿਕਾਰ ਸਹਿਤ ਗੁਰ ਸਾਗਰ ਦੇ ਸੁੱਚੇ ਮੋਤੀ 'ਚੋਂ

ਗਿਆਨੀ ਚੇਤ ਸਿੰਘ

**ਉਨੀਵੀਂ ਸਦੀ ਦੇ ਲੁਬਾਣਾ ਬਰਾਦਰੀ ਦੇ ਚੜ੍ਹਦੇ ਸੂਰਜ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਜਨਮ** - ਕੁੱਝ ਸਮਾਂ ਬੀਤ ਗਿਆ, ਬਾਬਾ ਅਰੂੜ ਸਿੰਘ ਜੀ ਦੇ ਸਪੁਤ੍ਰ ਬਾਬਾ ਵਸਾਵਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਜੀ ਦੀ ਕੁੱਖ ਤੋਂ ਕਤਕ ਦੀ ਸੰਕਰਾਂਤ ਵਾਲੇ ਦਿਨ, ਸੰਮਤ 1939 ਮੁਤਾਬਕ ਅਕਤੂਬਰ 1882 ਈ. ਨੂੰ ਪਿੰਡ ਖੋੜੀ ਦੂਨਾ ਸਿੰਘ ਜ਼ਿਲ੍ਹਾ ਗੁਜਰਾਤ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਜਨਮ ਹੋਇਆ।

ਮਾਤਾ ਪਿਤਾ ਨੂੰ ਬਹੁਤ ਖੁਸ਼ੀ ਹੋਈ। ਬਾਬਾ ਅਰੂੜ ਸਿੰਘ ਜੀ ਨੂੰ ਪੋਤਰੇ ਦਾ ਜਨਮ ਲੈਣ ਦੀ ਖ਼ਬਰ ਸੁਣ ਕੇ ਅਤਿਅੰਤ ਖੁਸ਼ੀ ਹੋਈ। ਪ੍ਰਮਾਤਮਾ ਦਾ ਬਹੁਤ ਧੰਨਵਾਦ ਕੀਤਾ। ਆਂਢੀਆਂ-ਗੁਆਂਢੀਆਂ ਨੇ ਆ ਕੇ ਬੜੀਆਂ ਖੁਸ਼ੀ ਭਰਪੂਰ ਵਧਾਈਆਂ ਦਿੱਤੀਆਂ। ਬਾਬਾ ਅਰੂੜ ਸਿੰਘ ਜੀ ਬਾਰੇ ਜਿਸ ਤਰ੍ਹਾਂ ਕਿ ਮੈਂ ਪਹਿਲੇ ਦਸ ਆਇਆ ਹਾਂ ਕਿ ਆਪ ਬੜੇ ਮਹਾਂਪੁਰਖ ਸਨ, ਆਪ ਸਮਾਧੀ ਵਿਚ ਇਸਥਿਤ ਹੋ ਗਏ। ਆਪਣੀ ਦਿਬਯ ਦ੍ਰਿਸ਼ਟੀ ਨਾਲ ਹੋਣਹਾਰ ਬਾਲਕ ਦਾ ਭਵਿਖਯਤ ਵੇਖਿਆ ਤਾਂ ਆਪ ਆਪਣੇ ਅੰਦਰ ਹੀ ਅੰਦਰ ਖੁਸ਼ੀ ਨਾਲ ਗਦਗਦ ਹੋ ਗਏ। ਆਪਦੇ ਮੁਖੋਂ ਆਪ-ਮੁਹਾਰੇ ਹੀ ਇਹ ਬਚਨ ਨਿਕਲੇ-ਇਸ ਬਾਲਕ ਨੂੰ ਸੱਚੇ ਸਤਿਗੁਰਾਂ ਨੇ ਆਪ ਭੇਜਿਆ ਹੈ। ਇਹ ਬੱਚਾ ਪ੍ਰਮਾਤਮਾ ਦਾ ਭਗਤ ਹੋਵੇਗਾ। ਇਸਦੇ ਜਨਮ ਲੈਣ ਨਾਲ ਸਾਡੀ ਵੇਲ ਵਧੀ ਹੈ। ਅੱਗੋਂ ਨਵੀਂ ਪੀੜ੍ਹੀ ਚਲੀ ਹੈ। ਸਤਿਗੁਰਾਂ ਨੇ ਸਾਨੂੰ ਮਨ-ਇਛਤ ਫਲ ਦੀ ਦਾਤ ਬਖ਼ਸ਼ੀ ਹੈ। ਇਹ ਬਾਲ ਬੜਾ ਪ੍ਰਤਾਪ ਵਾਲਾ ਹੋਵੇਗਾ। ਇਹ ਗੱਲ ਕੋਈ ਲੁਕੀ ਛਿਪੀ ਨਹੀਂ, ਹਰ ਕੋਈ ਜਾਣਦਾ ਹੈ ਕਿ ਜਿਸ ਮਨੁੱਖ ਤੇ ਗੁਰੂ ਪ੍ਰਸੰਨ ਹੁੰਦਾ ਹੈ; ਉਸਨੂੰ ਅਜਿਹੀ ਦਾਤ ਪ੍ਰਾਪਤ ਹੁੰਦੀ ਹੈ, ਹਰ ਇਕ ਮਨੁੱਖ ਨੂੰ ਨਹੀਂ। ਜੈਸਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਆਪ ਫੁਰਮਾਇਆ ਹੈ-

**ਆਸਾ ਮਹਲਾ ੫ ॥**
**ਸਤਿਗੁਰ ਸਾਚੈ ਦੀਆ ਭੇਜਿ ॥**
**ਚਿਰੁ ਜੀਵਨੁ ਉਪਜਿਆ ਸੰਜੋਗਿ ॥**
**ਉਦਰੈ ਮਾਹਿ ਆਇ ਕੀਆ ਨਿਵਾਸੁ ॥**
**ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥**
**ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥**
**ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥**
**ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥**
**ਮਿਟਿਆ ਸੋਗੁ ਮਹਾ ਅਨੰਦੁ ਥੀਆ ॥**
**ਗੁਰਬਾਣੀ ਸਖੀ ਅਨੰਦੁ ਗਾਵੈ ॥**
**ਸਾਚੇ ਸਾਹਿਬ ਕੈ ਮਨਿ ਭਾਵੈ ॥੨॥**
**ਵਧੀ ਵੇਲਿ ਬਹੁ ਪੀੜੀ ਚਾਲੀ ॥**
**ਧਰਮ ਕਲਾ ਹਰਿ ਬੰਧਿ ਬਹਾਲੀ ॥**
**ਮਨ ਚਿੰਦਿਆ ਸਤਿਗੁਰੂ ਦਿਵਾਇਆ ॥**
**ਭਏ ਅਚਿੰਤ ਏਕ ਲਿਵ ਲਾਇਆ ॥੩॥**
**ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥**
**ਬੁਲਾਇਆ ਬੋਲੈ ਗੁਰ ਕੈ ਭਾਣਿ ॥**
**ਗੁਝੀ ਛੰਨੀ ਨਾਹੀ ਬਾਤ ॥**
**ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥**

(ਅੰਗ ੩੯੬)

ਇਸ ਤਰ੍ਹਾਂ ਬਾਬਾ ਅਰੂੜ ਸਿੰਘ ਜੀ ਨੇ ਖੁਸ਼ੀ ਵਿਚ ਆ ਕੇ ਸ਼ੁਭ ਅਸੀਸ ਦਿੱਤੀ।

**ਮਾਤਾ ਨਿਹਾਲ ਕੌਰ** - ਮਾਤਾ ਨਿਹਾਲ ਕੌਰ ਦੀ ਸ਼ਾਦੀ ਹੋਈ ਨੂੰ ਕਿਤਨੇ ਸਾਲ ਹੋ ਗਏ ਸਨ। ਇਸ ਲਈ ਸਾਰੇ ਪਰਿਵਾਰ ਨੂੰ ਇਹ ਖੁਸ਼ੀ ਵੇਖਣ ਦੀ ਉਡੀਕ ਸੀ। ਮਾਤਾ ਨਿਹਾਲ ਕੌਰ ਇਸ ਖੁਸ਼ੀ ਨਾਲ ਬਹੁਤ ਹੀ ਪ੍ਰਫੁੱਲਤ ਹੋਈ। ਵਾਹਿਗੁਰੂ ਦਾ ਸ਼ੁਕਰਾਨਾ ਕਰਦੀ ਹੋਈ, ਇਸ ਸੁੰਦਰ ਬਾਲ ਨੂੰ ਵੇਖ ਕੇ ਅੰਦਰ ਹੀ ਅੰਦਰ ਬੜੇ ਖੇੜੇ ਵਿਚ ਆ ਕੇ ਸੁਭ ਕਾਮਨਾ ਕਰਦੀ ਕਿ ਪੁਤਰ ਨੂੰ ਪ੍ਰਮਾਤਮਾ ਦਾ ਨਾਮ ਸਿਮਰਨ ਵਾਲਾ ਹੋਵੇਂ। ਤੈਨੂੰ ਪਲ ਮਾਤਰ ਭੀ ਵਾਹਿਗੁਰੂ ਦਾ ਨਾਮ ਨਾ ਭੁਲੇ ਸਤਿਗੁਰੂ ਤੇਰੇ ਤੇ ਦਿਆਲੂ ਹੋਣ। ਵਾਹਿਗੁਰੂ ਦੇ ਪਿਆਰਿਆਂ ਸੰਤਾਂ ਨਾਲ ਤੇਰੀ ਪ੍ਰੀਤ ਬਣੀ ਰਹੇ। ਗੁਰਬਾਣੀ ਦਾ ਕੀਰਤਨ ਸਦਾ ਕਰਦਾ ਰਹੇਂ ਅਤੇ ਇਹ ਕੀਰਤਨ ਹੀ ਤੇਰਾ ਭੋਜਨ ਬਣਿਆ ਰਹੇ। ਇਸ ਤਰ੍ਹਾਂ ਮਾਤਾ ਜੋ ਇਕ ਚੰਗੇ ਗੁਰਸਿੱਖ ਦੀ ਧੀ ਸੀ, ਜੋ ਆਪ ਗੁਰਬਾਣੀ ਦੀਆਂ ਲੋਰੀਆਂ ਵਿਚ ਜੰਮੀ ਪਲੀ ਸੀ, ਆਪਣੇ ਪੁੱਤਰ ਨੂੰ ਭੀ ਪਿਛਲੇ ਸੰਸਕਾਰਾਂ ਅਨੁਸਾਰ ਗੁਰਬਾਣੀ ਦੇ ਆਧਾਰ 'ਤੇ ਹੀ ਆਪਣੇ ਅੰਦਰੋਂ ਉੱਠੀ ਹੁੱਬ ਨਾਲ ਸ਼ੁਭ ਸਿੱਖਿਆ ਤੇ ਅਸੀਸ ਦੇ ਕੇ ਖੁਸ਼ ਹੁੰਦੀ। ਜੈਸਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਫੁਰਮਾਇਆ ਹੈ-

**ਗੂਜਰੀ ਮਹਲਾ ੫ ॥**
**ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥**
**ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥੧॥**
**ਪੂਤਾ ਮਾਤਾ ਕੀ ਆਸੀਸ ॥੧॥**
**ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥**
**ਸਤਿਗੁਰੁ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥**
**ਕਾਪੜੁ ਪਤਿ ਪ੍ਰਮੇਸਰੁ ਰਾਖੀ ਭੋਜਨੁ ਕੀਰਤਨ ਨੀਤਿ ॥੨॥**
**ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥**
**ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥**
**ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥**
**ਨਾਨਕ ਦਾਸ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥**

(ਪੰਨਾ ੪੯੬)

ਇਸ ਤਰ੍ਹਾਂ ਬਾਬਾ ਵਸਾਵਾ ਸਿੰਘ ਜੀ ਨੂੰ ਭੀ ਅਤੇ ਸਾਰੇ ਪਰਿਵਾਰ ਨੂੰ ਬਹੁਤ ਖੁਸ਼ੀ ਹੋਈ। ਗਰੀਬ-ਗੁਰਬੇ ਨੂੰ ਜੋ ਵਧਾਈ ਦੇਣ ਆਇਆ ਕਿਸੇ ਨੂੰ ਖਾਲੀ ਨ ਜਾਣ ਦਿੱਤਾ ਅਤੇ ਯਥਾ-ਯੋਗ ਸਭ ਨੂੰ ਸਤਿਕਾਰਿਆ। ਇਸ ਤਰ੍ਹਾਂ ਜੋ ਬਚਨ ਬਾਬਾ ਅਰੂੜ ਸਿੰਘ ਜੀ ਨੇ ਚਿਤਵੇ ਅਤੇ ਜੋ ਮਾਤਾ ਨਿਹਾਲ ਕੌਰ ਨੇ ਅਸੀਸ ਦਿੱਤੀ, ਉਹ ਕੇਵਲ ਕਹਿਣ ਮਾਤਰ ਹੀ ਨਹੀਂ ਸੀ। ਅੱਗੇ ਜਾ ਕੇ ਉਹ ਸਾਰੇ ਬਚਨ ਤੇ ਸਿੱਖਿਆ ਉਸੇ ਤਰ੍ਹਾਂ ਫਲੀਭੂਤ ਹੋਈ ਜੋ ਦਾਸ ਨੇ ਅੱਖੀਂ ਦੇਖੀ, ਇਸ ਦਾ ਜ਼ਿਕਰ ਅੱਗੇ ਚੱਲ ਕੇ ਕਰਾਂਗਾ।

# ਬੇਗੋਵਾਲ ਦਾ 19ਵਾਂ ਦੋ ਰੋਜ਼ਾ ਕਬੱਡੀ ਕੱਪ ਅਤੇ ਸੱਭਿਆਚਾਰਕ ਪ੍ਰੋਗਰਾਮ





ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਕਲੱਬ ਦੇ ਚੇਅਰਮੈਨ ਸ. ਜਸਵੰਤ ਸਿੰਘ ਫਰਾਂਸ ਅਤੇ ਕਲੱਬ ਦੇ ਪ੍ਰਧਾਨ ਸ. ਵਿਕਰਮਜੀਤ ਸਿੰਘ ਵਿੱਕੀ ਐਮ.ਸੀ. ਬੇਗੋਵਾਲ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿਚ ਵੱਖ-ਵੱਖ ਪਿੰਡਾਂ ਦੀਆਂ ਕਲੱਬਾਂ ਦੇ ਮੈਚ ਹੋਏ। ਪਹਿਲਾਂ ਇਨਾਮ 1 ਲੱਖ ਰੁਪਏ ਦਾ ਬਾਬਾ ਹੁੰਦਲ ਕਲੱਬ ਬੋਪਾਰਾਏ ਨੇ ਜਿੱਤਿਆ ਅਤੇ ਦੂਜਾ 75000 ਦਾ ਚੜ੍ਹਦੀ ਕਲਾ ਕਲੱਬ ਜਲੰਧਰ ਨੇ ਜਿੱਤਿਆ। ਇਸ ਟੂਰਨਾਮੈਂਟ ਵਿਚ ਹਰ ਸਾਲ ਬੀਬੀ ਜਗੀਰ ਕੌਰ ਜੀ ਪ੍ਰਧਾਨ ਇਸਤਰੀ ਅਕਾਲੀ ਦਲ ਅਤੇ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਜੋ ਕਿ ਕਲੱਬ ਦੇ ਸਰਪ੍ਰਸਤ ਵੀ ਹਨ, ਜੀ ਦੀ ਰਹਿਨੁਮਾਈ ਹੇਠ ਕਰਵਾਇਆ ਜਾਂਦਾ ਹੈ। ਖੇਡ ਮੇਲੇ ਵਿਚ ਢੇਰੀ ਵਾਲੀ ਅਤੇ ਬਜ਼ੁਰਗਾਂ ਦੀ ਕਬੱਡੀ ਕਰਵਾਈ ਗਈ। ਟੂਰਨਾਮੈਂਟ ਦਾ ਉਦਘਾਟਨ ਯੁਵਰਾਜ ਭੁਪਿੰਦਰ ਸਿੰਘ ਸਾਬਕਾ ਚੇਅਰਮੈਨ ਨੇ ਕੀਤਾ। ਇਨਾਮਾਂ ਦੀ ਵੰਡ ਸਮੂਹ ਮੈਂਬਰਾਂ ਅਤੇ ਕਲੱਬ ਦੇ ਚੇਅਰਮੈਨ ਜਸਵੰਤ ਸਿੰਘ ਮੈਂਬਰ ਬਲਾਕ ਸੰਮਤੀ ਅਤੇ ਬਾਕੀ ਮੈਂਬਰਾਂ ਨੇ ਮਿਲ ਕੇ ਕੀਤੀ। ਵਿਸ਼ੇਸ਼ ਤੌਰ ’ਤੇ ਇਸ ਟੂਰਨਾਮੈਂਟ ਵਿਚ ਇੰਟਰਨੈਸ਼ਨਲ ਰੈਸਲਰ ਗ੍ਰੇਟ ਖਲੀ ਦਲੀਪ ਸਿੰਘ ਰਾਣਾ ਖਿੱਚ ਦਾ ਕਾਰਨ ਬਣੇ ਹੋਏ ਸਨ। ਉਨ੍ਹਾਂ ਨੇ ਕਿਹਾ ਬੇਸ਼ੱਕ ਮੈਂ ਹਿਮਾਚਲ ਪ੍ਰਦੇਸ਼ ਦਾ ਹਾਂ ਪਰ ਪੰਜਾਬ ਨਾਲ ਮੇਰਾ ਪੂਰਾ ਪਿਆਰ ਹੈ। ਖੇਡ ਮੇਲੇ ਵਿਚ ਊਠਾਂ, ਘੋੜਿਆਂ ਅਤੇ ਹੋਰ ਕਈ ਕਿਸਮ ਦੇ ਕਲਾਕਾਰਾਂ ਨੇ ਆਪਣੇ ਕਰਤੱਬ ਦਿਖਾਏ। ਇਸ ਮੌਕੇ ਪਿੰਡ ਦੇ ਐਮ.ਸੀ., ਪ੍ਰਧਾਨ, ਸਰਪੰਚ, ਜਥੇਦਾਰ ਅਤੇ ਹੋਰ ਆਗੂਆਂ ਨੇ ਪੂਰਾ ਸਹਿਯੋਗ ਦਿੱਤਾ। ਇਸ ਮੌਕੇ ਸੀਨੀਅਰ ਅਕਾਲੀ ਨੇਤਾ ਸਵਰਨ ਸਿੰਘ ਜੋਸ਼ ਸਾਬਕਾ ਚੇਅਰਮੈਨ, ਪ੍ਰਧਾਨ ਰਜਿੰਦਰ ਸਿੰਘ ਲਾਡੀ, ਪਰਵਿੰਦਰ ਸਿੰਘ ਬੰਟੀ ਪ੍ਰਧਾਨ ਸਰੂਪਵਾਲ ਕਲੱਬ, ਪ੍ਰੀਤਮ ਸਿੰਘ ਨਾਰੰਗਪੁਰ, ਮਾਸਟਰ ਫੁੰਮਣ ਸਿੰਘ, ਸਰਬਜੀਤ ਸਿੰਘ ਸਦਿਉੜਾ, ਪ੍ਰਿੰ. ਸੇਵਾ ਸਿੰਘ ਭਦਾਸ, ਪ੍ਰਿੰ. ਪ੍ਰਧਾਨ ਸਿੰਘ, ਐਮ.ਸੀ. ਦਲਜੀਤ ਸਿੰਘ, ਮਾ. ਕੁਲਵਿੰਦਰ ਸਿੰਘ ਬਿੱਲੂ, ਜੋਗਿੰਦਰ ਸਿੰਘ ਅਜੈਬ, ਅਮਰਜੀਤ ਸਿੰਘ ਗੋਲਡੀ ਭਦਾਸ, ਨਿਸ਼ਾਨ ਸਿੰਘ ਸਰਪੰਚ ਭਦਾਸ, ਬਿੱਲਾ ਭਦਾਸ, ਜਗਜੀਤ ਸਿੰਘ ਜੱਗੀ, ਹੈਡਮਾਸਟਰ ਗੁਰਦੇਵ ਸਿੰਘ, ਮਾ. ਲਖਵਿੰਦਰ ਸਿੰਘ ਬੱਸੀ, ਲਾਡਾ ਭਦਾਸ, ਨੂਰਾ ਸਿੰਘ ਜਲੰਧਰ, ਸੀਸ਼ਨ ਸਿੰਘ ਜਲੰਧਰ, ਜਰਨੈਲ ਸਿੰਘ ਯੂ.ਐਸ.ਏ., ਨਿਰਮਲ ਸਿੰਘ ਰੱਤਾ, ਸੁਖਚੈਨ ਸਿੰਘ ਮੁਰੱਬੀਆ, ਦਿਲਬਾਗ ਸਿੰਘ, ਵਿਕਾਸ ਜੁਲਕਾ, ਮਾਸਟਰ ਮੱਖਣ ਸਿੰਘ, ਗੁਰਇਕਬਾਲ ਸਿੰਘ ਤਲੀ, ਅਵਤਾਰ ਸਿੰਘ ਲੱਕੀ, ਅਮਰਜੋਤ ਸਿੰਘ ਜਜ, ਸਰਬਜੀਤ ਸਿੰਘ ਪੱਪਲ, ਸਰੂਪ ਸਿੰਘ ਖਾਸਰੀਆ, ਅਜੀਤਪਾਲ ਸਿੰਘ ਬੰਟੀ, ਇੰਦਰਜੀਤ ਸਿੰਘ ਸਦਿਉੜਾ, ਜਗਜੀਤ ਸਿੰਘ ਖਾਸਰੀਆ, ਜਰਨੈਲ ਸਿੰਘ ਯੂ.ਐਸ.ਏ., ਪ੍ਰੋ. ਜਸਵੰਤ ਸਿੰਘ ਮੁਰੱਬੀਆ, ਡੀ.ਐਸ.ਪੀ. ਅਵਤਾਰ ਸਿੰਘ, ਮਾਸਟਰ ਨਿਸ਼ਾਨ ਸਿੰਘ ਕੈਸ਼ੀਅਰ, ਹੈਡ ਮਾਸਟਰ ਸਵਰਨ ਸਿੰਘ, ਇੰਸਪੈਕਟਰ ਅਮਨਦੀਪ ਸਿੰਘ ਬੱਲੀ, ਰਾਜਵਿੰਦਰ ਸਿੰਘ ਜੈਦ, ਅਸ਼ੋਕ ਕੁਮਾਰ ਬੱਤਰਾ ਆਦਿ ਹਾਜ਼ਰ ਸਨ।

**ਜੋਗਿੰਦਰ ਸਿੰਘ ਅਜੈਬ (ਕੋ-ਐਡੀਟਰ)**

# ਰੀਤੀਆਂ ਤੋਂ ਕੁਰੀਤੀਆਂ

**ਸੰਤ ਸੇਵਾ ਸਿੰਘ ਰਾਮਪੁਰ ਖੇੜਾ ਸਾਹਿਬ**




**ਇਲੈਕਸ਼ਨਾਂ ਵਿਚ ਨਸ਼ੇ** - ਨਸ਼ੇ ਸਾਡੇ ਸਮਾਜ ਵਿਚ ਇੰਨੀ ਘੁਸ-ਪੈਠ ਕਰ ਗਏ ਹਨ ਅਤੇ ਸਮਾਜ ਨੇ ਨਸ਼ਿਆਂ ਨੂੰ ਇੰਨੀ ਸਤਿਕਾਰਤਾ ਦੇ ਦਿੱਤੀ ਹੈ ਕਿ ਸ਼ਰਾਬ ਦੇ ਨਸ਼ੇ ਤੋਂ ਬਿਨਾਂ ਨਾ ਤਾਂ ਕੋਈ ਪਾਰਟੀ, ਨਾ ਕੋਈ ਵਿਆਹ ਅਤੇ ਨਾ ਹੀ ਰਾਜਨੀਤਕ ਸਮਾਰੋਹ (Function) ਸੰਪੂਰਨ ਸਮਝਿਆ ਜਾਂਦਾ ਹੈ।

ਸਮਾਜ ਨੇ ਚਾਹੇ ਪਿੰਡ ਦਾ ਪੰਚ ਚੁਣਨਾ ਹੋਵੇ ਭਾਵੇਂ ਸਰਪੰਚ, ਚਾਹੇ ਐਮ.ਐਲ.ਏ. ਦੀ ਚੋਣ ਹੋਵੇ ਜਾਂ ਫਿਰ ਮੈਂਬਰ ਪਾਰਲੀਮੈਂਟ ਦੀ, ਇਨ੍ਹਾਂ ਦੀ ਚੋਣ ਦਾ ਅਰੰਭ ਹੀ ਸ਼ਰਾਬ ਦੀਆਂ ਪੇਟੀਆਂ ਅਤੇ ਭੁੱਕੀ ਦੀਆਂ ਬੋਰੀਆਂ ਤੋਂ ਹੁੰਦਾ ਹੈ ਜਦ ਕਿ ਇਨ੍ਹਾਂ ਲੋਕਾਂ ਨੇ ਸਮੁੱਚੇ ਸਮਾਜ ਦੀ ਅਗਵਾਈ ਕਰਨੀ ਹੈ। ਲੋਕਾਂ ਨੂੰ ਨਿੱਗਰ ਸੇਧ ਦੇਣੀ ਹੈ ਅਤੇ ਸਮਾਜਿਕ ਕੁਰੀਤੀਆਂ ਤੋਂ ਲੋਕਾਂ ਨੂੰ ਬਚਾਉਣਾ ਹੈ ਪਰ ਆਪਣੇ ਮਤਲਬ ਅਤੇ ਖੁਦਗਰਜ਼ੀ ਲਈ ਹਰ ਵਰਗ ਨੇ ਆਪਣੀ ਜ਼ਿੰਮੇਵਾਰੀ ਭੁਲਾਈ ਹੋਈ ਹੈ। ਹੋਰ ਤਾਂ ਇਕ ਪਾਸੇ ਰਿਹਾ ਸ਼੍ਰੋ. ਗੁ. ਪ੍ਰ. ਕਮੇਟੀ ਜਿਨ੍ਹਾਂ ਨੇ ਧਰਮ ਦਾ ਪਰਚਾਰ ਅਤੇ ਪ੍ਰਸਾਰ ਕਰਨਾ ਹੈ, ਲੋਕਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣਾ ਅਤੇ ਸਮਾਜ ਨੂੰ ਧਰਮ ਦੀ ਨਿਗਰ ਸੇਧ ਪ੍ਰਦਾਨ ਕਰਨੀ ਹੈ। ਗੁਰੂ ਘਰਾਂ ਦੇ ਆਦਰਸਕ ਪ੍ਰਬੰਧਕ ਬਣ ਕੇ ਗੁਰੂ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣਾ ਜਿਨ੍ਹਾਂ ਦਾ ਮੁੱਖ ਫ਼ਰਜ਼ ਹੈ, ਇਨ੍ਹਾਂ ਦੀ ਇਲੈਕਸ਼ਨ ਵੀ ਨਸ਼ਿਆਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਰਹੀ। ਸ਼੍ਰੋ. ਗੁ. ਪ੍ਰ. ਕਮੇਟੀ ਦੀਆਂ ਚੋਣਾਂ ਸਮੇਂ ਵੀ ਨਸ਼ਿਆਂ ਦੀ ਖੁਲ੍ਹੀ ਵਰਤੋਂ ਹੁੰਦੀ ਹੈ। ਜਿਸ ਕਿਸਮ ਦਾ ਨਸ਼ਾ ਵੋਟਰ ਚਾਹੁਦਾ ਹੈ, ਉਸ ਦੀ ਮੰਗ ਪੂਰੀ ਕੀਤੀ ਜਾਂਦੀ ਹੈ।

ਆਮ ਮਨੁੱਖ ਦੀ ਗੱਲ ਤਾਂ ਇਕ ਪਾਸੇ ਰਹੀ, ਸਕੂਲਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀ ਬੱਚੇ ਬੱਚੀਆਂ ਨਸ਼ੇ ਦੀਆਂ ਗੋਲੀਆਂ, ਕੈਪਸੂਲ ਅਤੇ ਹੋਰ ਨਸ਼ੀਲੇ ਪਾਦਰਥ ਵਰਤ ਕੇ ਆਪਣੇ ਆਪ ਨੂੰ ਧੋਖਾ ਦੇ ਕੇ ਆਪਣੇ ਭਵਿੱਖ ਨਾਲ ਵੈਰ ਕਮਾ ਰਹੇ ਹਨ। ਅੱਜ ਲੋੜ ਆਪ ਸੰਭਲਣ ਦੀ ਅਤੇ ਨਸ਼ੇ ਦਾ ਸ਼ਿਕਾਰ ਹੋ ਚੁੱਕੇ ਬੱਚਿਆਂ ਨੂੰ ਸਮਝਾਉਣ ਦੀ ਹੈ। ਅਨਗਹਿਲੀ ਕਰਾਂਗੇ ਤਾਂ ਫਿਰ ਬਾਬਾ ਕਬੀਰ ਜੀ ਦਾ ਫ਼ੁਰਮਾਨ ਜ਼ਰੂਰ ਵਰਤ ਜਾਵੇਗਾ। ਬਾਬਾ ਜੀ ਦਾ ਫ਼ੁਰਮਾਨ ਹੈ-

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥**
**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨ ॥**

**(ਕਬੀਰ ਜੀ, ਅੰਗ 1313)**

ਜਿਵੇਂ ਅੰਗਰੇਜ਼ਾਂ ਨੇ ਕੁਟਲ ਨੀਤੀ ਵਰਤ ਕੇ, ਅਮਰੀਕਾ ਦੇ ਮੂਲ ਨਿਵਾਸੀ ਰੈਡ ਇੰਡੀਅਨਜ ਦਾ, ਅਤੇ ਆਸਟ੍ਰੇਲੀਆ ਦੇ ਐਬੋਰਿਜ਼ਨਾਂ ਦਾ ਹਸ਼ਰ ਕੀਤਾ, ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ। ਜਿਵੇਂ ਜਪਾਨੀਆਂ ਨੇ ਚੀਨੀਆਂ ਨੂੰ ਅਤੇ ਰੂਸ ਨੇ ਮੰਗੋਲੀਅਨ ਲੋਕਾਂ ਨੂੰ ਨਸ਼ਿਆਂ ਦੇ ਗੁਲਾਮ ਬਣਾ ਕੇ ਉਨ੍ਹਾਂ ਨੂੰ ਦਰ ਦਰ ਭਟਕਣ ਲਈ ਮਜਬੂਰ ਕਰ ਦਿੱਤਾ, 1948 ਦੇ ਚੀਨੀ ਇਨਕਲਾਬ ਮਗਰੋਂ, ਅਫੀਮ ਨੂੰ ਆਪਣੇ ਮੁਲਕ ਵਿਚੋਂ ਕੱਢ ਕੇ ਹੀ ਚੀਨ ਸੰਸਾਰ ਦਾ ਸ਼ਕਤੀਸ਼ਾਲੀ ਦੇਸ਼ ਬਣ ਸਕਿਆ। ਨੌਜਵਾਨਾਂ ਨੂੰ ਸੋਚਣ ਦੀ ਲੋੜ ਹੈ, ਜੇ ਇਸੇ ਤਰ੍ਹਾਂ ਨਸ਼ਿਆਂ ਦਾ ਰੁਝਾਨ ਵਧਦਾ ਗਿਆ, ਨੌਜਵਾਨਾਂ ਨੇ ਆਪਣੇ ਆਪ ਉੱਤੇ ਕਾਬੂ ਨਾ ਪਾਇਆ, ਫਿਰ ਸਾਡੀ ਨੌਜਵਾਨੀ ਦਾ ਹਸ਼ਰ ਵੀ ਰੈਡ ਇੰਡੀਅਨਜ਼ ਅਤੇ ਐਬੋਰਿਜ਼ਨਾਂ ਵਰਗਾ ਹੋ ਸਕਦਾ ਹੈ। ਅੱਜ ਬਹੁਤ ਹੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਬਹੁਤ ਹੀ ਖਤਰਨਾਕ ਸਮਾਂ ਚਲ

ਰਿਹਾ ਹੈ। ਨੌਜਵਾਨਾਂ ਵਿਚ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਪ੍ਰਤੀ ਜਾਗ੍ਰਤੀ ਲਿਆਉਣ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ। ਜ਼ਰੂਰ ਇਸ ਪਾਸੇ ਧਿਆਨ ਦਿਉ ਜੀ।

**ਜਾਤ-ਪਾਤ ਦਾ ਕੋਹੜ** - ਗੁਰੂ ਮਹਾਰਾਜ ਜੀ ਨੇ, "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦਾ ਨਾਅਰਾ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ, "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥" ਦੀ ਅਗਵਾਈ ਦੇ ਕੇ "ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥ ਦਾ ਉਪਦੇਸ਼ ਬਖਸ਼ਸ਼ ਕੀਤਾ ਸੀ। ਪਰ ਅੱਜ ਆਪਾਂ ਜਾਤਾਂ-ਪਾਤਾਂ, ਗੋਤਾਂ ਦੇ ਚਿੱਕੜ ਵਿਚ ਮੁੜ ਫਸ ਗਏ ਹਾਂ। ਬਾਬਾ ਕਬੀਰ ਜੀ ਨੇ ਤਾਂ ਜਾਤ ਅਭਿਮਾਨੀਆਂ ਨੂੰ ਅਸਲੀਅਤ ਸਮਝਾਉਣ ਲਈ ਹੇਠ ਲਿਖੇ ਸ਼ਬਦ ਵਰਤੇ ਸਨ ਕਿ,

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥੨॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥੩॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥**

**ਗਉੜੀ ਕਬੀਰ ਜੀ** (**ਅੰਗ** 324)

ਜਾਤਾਂ-ਪਾਤਾਂ ਦੀਆਂ ਵੰਡੀਆਂ ਤਾਂ ਮਨੁੱਖ ਦੀ ਕਾਢ ਹੈ ਅਸਲੀਅਤ ਤਾਂ ਕੁਝ ਹੋਰ ਹੈ। ਉਹ ਹੈ-

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥**
**ਲੋਗਾ ਭਰਮਿ ਨ ਭੂਲਹੁ ਭਾਈ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ ਰਹਾਉ॥**
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥**
**ਸਭ ਮਹਿ ਸਚਾ ਏਕੋ ਸੋਈ ਜਿਸ ਕਾ ਕੀਆ ਸਭੁ ਕਛੁ ਹੋਈ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥**

(**ਪ੍ਰਭਾਤੀ ਕਬੀਰ ਜੀ, ਅੰਗ** 1350)

ਅੱਜ ਦੇ ਨਵਜੰਮੇ ਬੱਚੇ ਨੂੰ ਆਪਣਾ ਅਸਲੀ ਨਾਮ ਭਾਵੇਂ ਨ ਯਾਦ ਹੋਵੇ ਪਰ ਉਸਨੂੰ ਆਪਣਾ ਗੋਤ (Last Name) ਤੋਤੇ ਵਾਂਗ ਰਟਿਆ ਹੁੰਦਾ ਹੈ। ਇਹ ਕਿਸ ਦੀ ਦੇਣ ਹੈ। ਇਹ ਸਾਡੀ ਆਪਣੀ ਹੀ ਸੌੜੀ ਸੋਚਣੀ ਦੀ ਦੇਣ ਹੈ।

ਇਥੇ ਹੀ ਬਸ ਨਹੀਂ ਅਸੀਂ ਤਾਂ ਜਾਤਾਂ-ਪਾਤਾਂ ਦੇ ਆਧਾਰ ਉੱਤੇ ਬਰਾਦਰੀਆਂ ਦੇ ਨਾਉਂ ਉੱਤੇ ਗੁਰੂ ਘਰਾਂ ਦੀਆਂ ਵੰਡੀਆਂ ਪਾਉਣ ਤੋਂ ਵੀ ਸੰਕੋਚ ਨਹੀਂ ਕੀਤਾ। ਸਤਿਗੁਰਾਂ ਨੇ ਸਾਡੇ ਵਿਚੋਂ ਅਨੇਕਤਾ ਕੱਢ ਕੇ ਏਕਤਾ ਬਣਾਈ ਸੀ।

ਅੱਜ ਅਸੀਂ ਉਸ ਏਕਤਾ ਲਈ ਵੀ ਖਤਰਾ ਬਣ ਗਏ ਹਾਂ, ਜੋ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਵੱਡਾ ਜੇਰਾ ਕਰਕੇ ਵੀਚਾਰੋ ਅਤੇ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ" ਦੇ ਧਾਰਣੀ ਬਣੋ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਸੰਬੰਧ

ਕਿਰਪਾਲ ਸਿੰਘ ਰਿਸਰਚ ਸਕਾਲਰ



ਜਸਵੰਤ ਰਾਓ ਹੋਲਕਰ ਅਕਸਰ ਇਹ ਫੜ੍ਹ ਮਾਰਦਾ ਹੁੰਦਾ ਸੀ ਕਿ ਉਸ ਦੀ ਕਿਸਮਤ ਤਾਂ ਘੋੜੇ ਦੀ ਕਾਠੀ ਦੇ ਕੁੰਡੇ ਨਾਲ ਹੈ। ਅਠਾਰ੍ਹਵੀਂ ਸਦੀ ਦੇ ਹਿੰਦੁਸਤਾਨ ਵਿਚ ਨਾਨਾ ਫਰਨਵੀਸ ਹੀ ਇਕ ਅਜਿਹਾ ਨੇਤਾ ਹੋਇਆ ਹੈ, ਜਿਸ ਨੇ ਆਪਣੀ ਅਕਲ ਸਦਕਾ ਦਹਾਕਿਆਂ ਤੱਕ ਅੰਗਰੇਜਾਂ ਨੂੰ ਮਰਾਠਵਾੜੇ ਤੋਂ ਦੂਰ ਰੱਖਿਆ, ਪਰ ਜਦੋਂ ਮਾਰਚ, ਸੰਨ 1800 ਵਿਚ ਉਸ ਦੀ ਮੌਤ ਹੋ ਗਈ ਤਾਂ ਉਸ ਦੇ ਨਾਲ ਹੀ ਮਰਾਠਵਾੜਾ ਦੀ ਸੂਝਬੂਝ ਅਤੇ ਆਜ਼ਾਦੀ ਸਦਾ ਵਾਸਤੇ ਖ਼ਤਮ ਹੋ ਗਈਆਂ। ਉਸ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਮਰਾਠਵਾੜਾ ਦੀ ਰਾਜਨੀਤੀ ਵਿਚ 'ਪਾੜੋ ਅਤੇ ਰਾਜ ਕਰੋ' ਦੇ ਅਜਿਹੇ ਜ਼ਹਿਰੀਲੇ ਤੀਰ ਛੱਡੇ ਕਿ ਮਰਹੱਟੇ ਸੰਨ 1803 ਤੱਕ ਆਪਸ ਵਿਚ ਹੀ ਲੜ-ਝਗੜ ਕੇ ਸਭ ਕੁਝ ਅੰਗਰੇਜ਼ਾਂ ਪਾਸ ਖੁਹਾ ਬੈਠੇ। ਅੰਗਰੇਜ਼ਾਂ ਦੇ ਨਿਰਦੇਸ਼ਨ ਹੇਠ ਅਜਿਹੀ ਰਾਜਨੀਤੀ ਦਾ ਤਾਂਡਵ ਨਾਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਵੀ ਹੋਇਆ। ਮੀਰ ਯੂਸਫ ਅਲੀ ਈਸਟ ਇੰਡੀਆ ਕੰਪਨੀ ਦਾ ਤਨਖਾਹਦਾਰ ਮੁਲਾਜ਼ਿਮ ਸੀ। ਈਸਟ ਇੰਡੀਆ ਕੰਪਨੀ ਦਾ ਮਹਾਰਾਜਾ ਰਣਜੀਤ ਸਿੰਘ ਵੱਲ ਇਹ ਪਹਿਲ ਸ਼ਫਾਰਤੀ ਅਤੇ ਜਾਸੂਸੀ ਮਿਸ਼ਨ ਸੀ। ਇਸੇ ਦੁਆਰਾ ਅੰਗਰੇਜ਼, ਸ਼ਾਹ ਆਲਮ ਅਤੇ ਮਹਾਰਾਜਾ ਰਣਜੀਤ ਸਿੰਘ ਦਰਮਿਆਨ ਕਿਸੇ ਕਿਸਮ ਦੇ ਸਿਆਸੀ ਸਬੰਧਾਂ ਦਾ ਵੀ ਪਤਾ ਲਗਾਉਣਾ ਚਾਹੁੰਦੇ ਸਨ, ਜਿਸ ਬਾਰੇ ਉਨ੍ਹਾਂ ਨੂੰ ਭਿਣਕ ਪੈ ਚੁੱਕੀ ਸੀ (ਭਾਵੇਂ ਇਸ ਵਿਚ ਕੁਝ ਵੀ ਸਚਾਈ ਨਹੀਂ ਸੀ), ਉਨ੍ਹਾਂ ਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਅਗਰ ਸ਼ਾਹ ਆਲਮ ਅਤੇ ਰਣਜੀਤ ਸਿੰਘ ਨੇ ਮਿਲ ਕੇ ਉਨ੍ਹਾਂ ਖਿਲਾਫ਼ ਕੋਈ ਜੰਗੀ ਮੁਹਿੰਮ ਛੇੜ ਦਿੱਤੀ ਤਾਂ ਉਹ ਅੰਗਰੇਜ਼ੀ ਸਾਮਰਾਜ ਵਾਸਤੇ ਬਹੁਤ ਘਾਤਕ ਸਿੱਧ ਹੋਣੀ ਸੀ ਅਤੇ ਸਿੱਟੇ ਵਜੋਂ ਉਨ੍ਹਾਂ ਨੂੰ ਹਿੰਦੁਸਤਾਨ ਵਿਚੋਂ ਨਿਕਲਣਾ ਪੈ ਸਕਦਾ ਸੀ। ਉਹ ਮਹਾਰਾਜੇ ਦੀ ਫੌਜ ਦਾ ਭੇਤ ਵੀ ਜਾਣਨਾ ਚਾਹੁੰਦੇ ਸਨ। ਇਧਰ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੀ ਇਸ ਕਾਰਵਾਈ ਨੂੰ ਕੋਈ ਬਹੁਤੀ ਅਹਿਮੀਅਤ ਨਹੀਂ ਦਿੱਤੀ, ਕਿਉਂਕਿ ਉਹ ਮੀਰ ਯੂਸਫ ਅਲੀ ਦੇ ਦੌਰੇ ਦੇ ਅੰਦਰੂਨੀ ਭੇਦ ਨੂੰ ਜਾਣ ਨਹੀਂ ਸਕਿਆ ਸੀ।

**ਰਣਜੀਤ ਸਿੰਘ ਦੇ ਆਲੇ ਦੁਆਲੇ ਵਾਪਰ ਰਹੀਆਂ ਰਾਜਨੀਤਿਕ ਘਟਨਾਵਾਂ** - ਅਠਾਰ੍ਹਵੀਂ ਸਦੀ ਦੇ ਅੰਤਲੇ ਵਰ੍ਹਿਆਂ ਦਾ ਸਮਾਂ ਉਨ੍ਹਾਂ ਤਿੰਨ ਪ੍ਰਮੁੱਖ ਸ਼ਕਤੀਆਂ ਦੇ ਉਤਰਾ ਚੜ੍ਹਾਅ ਦੀ ਇਕ ਦਿਲਚਸਪ ਤਸਵੀਰ ਪੇਸ਼ ਕਰਦਾ ਹੈ ਜੋ ਉੱਤਰੀ ਭਾਰਤ ਉੱਤੇ ਆਪੋ ਆਪਣੀ ਸਰਦਾਰੀ ਕਾਇਮ ਕਰਨ ਵਿਚ ਲੱਗੀਆਂ ਹੋਈਆਂ ਸਨ। ਇਸ ਸਮੇਂ ਮੁਗਲ ਹਕੂਮਤ ਦਿੱਲੀ ਅਤੇ ਕੁਝ ਆਸ-ਪਾਸ ਦੇ ਇਲਾਕਿਆਂ ਤੱਕ ਹੀ ਸੀਮਿਤ ਹੋ ਗਈ ਸੀ। ਅੰਗਰੇਜ਼ ਅੱਵਧ ਉੱਤੇ ਆਪਣਾ ਅਸਰ ਕਾਇਮ ਕਰ ਚੁੱਕੇ ਸਨ ਅਤੇ ਮਰਹੱਟਿਆਂ ਉੱਪਰ ਤਾਕਤ ਅਜ਼ਮਾਈ ਵੀ ਕਰ ਰਹੇ ਸਨ। ਉਧਰ ਮਰਹੱਟੇ ਵੀ ਸੰਨ 1761 ਦੀ ਪਾਣੀਪਤ ਦੀ ਤੀਜੀ ਲੜਾਈ ਵਿਚ ਅਹਿਮਦ ਸ਼ਾਹ ਅਬਦਾਲੀ ਤੋਂ ਹਾਰ ਖਾ ਕੇ ਹੁਣ ਇਕ ਵਾਰ ਫਿਰ ਮਹਾਂਦਾ ਜੀ ਸਿੰਧੀਆ ਦੀ ਅਗਵਾਈ ਵਿਚ ਤਾਕਤ ਫੜ ਰਹੇ ਸਨ। ਮਹਾਂਦਾ ਜੀ ਸਿੰਧੀਆ ਸੰਨ 1785 ਤੱਕ ਆਗਰੇ 'ਤੇ ਕਬਜ਼ਾ ਕਰਨ ਵਿਚ ਸਫਲ ਹੋ ਚੁੱਕਾ ਸੀ ਤੇ ਸੰਨ 1792 ਵਿਚ ਉਹ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਉਤੇ ਪੇਸ਼ਵਾ ਨੂੰ ਬਾਦਸ਼ਾਹ ਦੇ ਪ੍ਰਤੀਨਿਧੀ ਜਾਂ ਵਕੀਲ-ਉਲ-ਮੁਲਕ (Vice Regent)

ਵਜੋਂ ਐਲਾਨ ਕਰਨ ਦਾ ਦਬਾਅ ਪਾ ਰਿਹਾ ਸੀ। ਤੀਜੀ ਤਾਕਤ ਸਿੱਖ ਸਨ ਜੋ ਅਹਿਮਦ ਸ਼ਾਹ ਅਬਦਾਲੀ ਦੀ ਮੌਤ ਤੋਂ ਬਾਅਦ ਪੰਜਾਬ ਤੋਂ ਲੈ ਕੇ ਜਮੁਨਾ ਦਰਿਆ ਤੱਕ ਆਪਣੀ ਪ੍ਰਭੁਸੱਤਾ ਬਣਾਈ ਬੈਠੇ ਸਨ। ਸੰਨ 1767 ਤੋਂ ਲੈ ਕੇ 1799 ਤੱਕ ਇਹ ਖਿੱਤਾ ਸਿੱਖ ਮਿਸਲਾਂ ਦੇ ਕਬਜ਼ੇ ਹੇਠ ਆ ਚੁੱਕਾ ਸੀ।

ਸੰਨ 1785 ਵਿਚ ਮਰਹੱਟੇ ਸਰਦਾਰ ਸਿੰਧੀਆ ਨੇ ਫੂਲਕੀਆ ਰਿਆਸਤਾਂ ਦੇ ਕੁਝ ਸਰਦਾਰਾਂ ਨਾਲ ਇਕ ਸੰਧੀ ਕੀਤੀ, ਜਿਸ ਅਨੁਸਾਰ ਸਾਂਝੀਆਂ ਜੰਗੀ ਮੁਹਿੰਮਾਂ ਦੌਰਾਨ ਪ੍ਰਾਪਤ ਧਨ ਦੌਲਤ ਦਾ ਦੋ ਤਿਹਾਈ ਸਿੰਧੀਆ ਨੂੰ ਅਤੇ ਬਾਕੀ ਫੂਲਕੀਆ ਸਰਦਾਰਾਂ ਨੂੰ ਮਿਲਦਾ ਸੀ। ਇਹ ਇਕਰਾਰਨਾਮਾ ਜ਼ਿਆਦਾ ਦੇਰ ਤੱਕ ਨਹੀਂ ਚਲਿਆ ਕਿਉਂਕਿ ਸਿੰਧੀਆ ਆਪਣੇ ਭਾਈਵਾਲ ਬਣੇ ਫੂਲਕੀਆ ਸਰਦਾਰਾਂ ਨੂੰ ਆਪਣਾ ਮਾਤਹਿਤ ਸਮਝਣ ਲੱਗ ਪਿਆ ਸੀ ਅਤੇ ਉਸ ਨੇ ਮਾਲਵੇ ਦੇ ਦੂਸਰੇ ਸਿੱਖਾਂ 'ਤੇ ਵੀ ਗਲਬਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਸੰਨ 1797 ਵਿਚ ਸਿੰਧੀਆ ਨੇ ਜਨਰਲ ਪੈਰੋਨ ਨੂੰ ਉੱਤਰੀ ਭਾਰਤ ਦਾ ਡਿਪਟੀ ਨਿਯੁਕਤ ਕਰ ਦਿੱਤਾ। ਇਹ ਇਕ ਕਾਬਲ ਅਤੇ ਸਾਹਸੀ ਜਰਨੈਲ ਸੀ ਜੋ ਆਪਣੇ ਫ਼ੌਜੀ ਗੁਣਾਂ ਕਰਕੇ ਸਤਲੁਜ ਦਰਿਆ ਦੇ ਪਾਰ ਤੱਕ ਵੀ ਮੱਲਾਂ ਮਾਰ ਸਕਦਾ ਸੀ ਪਰ ਉਸ ਦੇ ਰਾਹ ਵਿਚ ਜਾਰਜ ਥਾਮਸ ਨਾਂ ਦਾ ਇਕ ਅੰਗਰੇਜ਼ ਜਰਨੈਲ ਰੋੜਾ ਬਣ ਕੇ ਖਲੋ ਗਿਆ। ਸੰਨ 1797 ਵਿਚ ਜਾਰਜ ਥਾਮਸ ਬੇਗਮ ਸਮਰੂ ਪਾਸ ਫ਼ੌਜੀ ਨੌਕਰ ਸੀ ਅਤੇ ਉਹ ਛੇ ਮਹੀਨਿਆਂ ਬਾਅਦ ਹੀ ਸਿੰਧੀਆ ਦੇ ਕਿਸੇ ਸਰਦਾਰ ਪਾਸ ਚਲਾ ਗਿਆ ਸੀ। ਬੇਗਮ ਸਮਰੂ ਦੇ ਤਹਿਤ ਉਸ ਨੇ ਇਕ ਵਾਰ ਕਰਨਾਲ ਦੇ ਸਥਾਨ 'ਤੇ ਸਿੱਖਾਂ ਨੂੰ ਹਰਾਇਆ ਅਤੇ ਆਪਣੀ ਆਜ਼ਾਦ ਹਕੂਮਤ ਸਥਾਪਿਤ ਕਰਨ ਦੀਆਂ ਸਕੀਮਾਂ ਵੀ ਘੜੀਆਂ। ਸੰਨ 1798 ਵਿਚ ਇਸ ਨੇ ਝਾਂਸੀ ਅਤੇ ਇਸ ਦੇ ਆਲੇ ਦੁਆਲੇ ਆਪਣੀ ਤਾਕਤ ਬਣਾ ਕੇ ਮਾਲਵੇ ਦੀਆਂ ਮਿਸਲਾਂ 'ਤੇ ਹਮਲੇ ਵੀ ਕੀਤੇ ਅਤੇ ਵਧਦਾ ਹੋਇਆ ਲੁਧਿਆਣੇ ਤੱਕ ਵੀ ਆਇਆ ਪਰ ਜਰਨੈਲ ਪੈਰੋਨ ਤੋਂ ਹਾਰ ਖਾ ਕੇ ਵਾਪਸ ਝਾਂਸੀ ਮੁੜ ਗਿਆ। ਅਖੀਰ ਉਸ ਨੇ ਸੰਨ 1802 ਵਿਚ ਜਨਰਲ ਪੈਰੋਨ ਅੱਗੇ ਹਥਿਆਰ ਸੁੱਟ ਦਿੱਤੇ ਅਤੇ ਇਸ ਪਿੱਛੋਂ ਛੇਤੀ ਹੀ ਉਸ ਦੀ ਮੌਤ ਹੋ ਗਈ। ਹੁਣ ਪੈਰੋਨ ਨੂੰ ਆਜ਼ਾਦੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਉਸ ਦੇ ਇਕ ਲੈਫਟੀਨੈਂਟ ਬੋਅਰਕਿਨ ਨੇ ਤਾਂ ਇਕ ਵਾਰ ਫੂਲਕੀਆ ਰਿਆਸਤਾਂ ਵਿਚੋਂ ਕਰ ਵੀ ਵਸੂਲ ਕੀਤਾ ਸੀ। ਇਸ ਵਾਕਿਆ ਸੰਨ 1802-03 ਦਾ ਹੈ। ਜਨਰਲ ਪੈਰੋਨ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਵੀ ਆਪਣੀ ਹਕੂਮਤ ਕਾਇਮ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਜਲਦੀ ਹੀ ਮਰਹੱਟਾ ਸਰਦਾਰ ਸਿੰਧੀਆ ਨੇ ਪੈਰੋਨ ਨੂੰ ਵਾਪਸ ਬੁਲਾ ਲਿਆ ਸੀ। ਸਿੰਧੀਆ ਉਸ ਸਮੇਂ ਅੰਗਰੇਜ਼ਾਂ ਨਾਲ ਲੜਾਈ ਵਿਚ ਰੁੱਝਾ ਹੋਇਆ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਠਾਰ੍ਹਵੀਂ ਸਦੀ ਦੇ ਅੰਤ ਅਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਦੇ ਕੁਝ ਕੁ ਸਾਲਾਂ ਵਿਚ ਜਮੁਨਾ ਦਰਿਆ ਅਤੇ ਸਤਲੁਜ ਦਰਿਆ ਦੇ ਦਰਮਿਆਨ ਪੈਂਦੇ ਇਲਾਕੇ ਵਿਚ ਮਰਹੱਟੇ ਅਤੇ ਸਿੰਧੀਆ ਸਰਦਾਰਾਂ ਦੀ ਸਰਦਾਰੀ ਚਲਦੀ ਸੀ ਪਰ ਜਲਦੀ ਹੀ ਅੰਗਰੇਜ਼ਾਂ ਨੇ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਸੀ।

ਸੰਨ 1803 ਵਿਚ ਮਾਲਵੇ ਦੇ ਕੁਝ ਫੂਲਕੀਆ ਸਰਦਾਰ ਪਹਿਲੀ ਵਾਰ ਅੰਗਰੇਜ਼ਾਂ ਖਿਲਾਫ਼ ਦਿੱਲੀ ਦੀ ਲੜਾਈ ਵਿਚ ਲੜੇ ਪਰ ਉਦੋਂ ਇਨ੍ਹਾਂ ਸਰਦਾਰਾਂ ਨੇ ਲਾਰਡ ਲੇਕ ਦੀ ਅਗਵਾਈ ਵਾਲੀ ਅੰਗਰੇਜ਼ੀ ਫੌਜ ਦੇ ਵਿਰੁੱਧ ਸਿੰਧੀਆ ਸਰਦਾਰ ਦੀ ਮੱਦਦ ਕੀਤੀ ਸੀ। ਜਦੋਂ ਇਸ ਲੜਾਈ ਵਿਚ ਮਰਹੱਟਿਆਂ ਨੂੰ ਹਾਰ ਹੋਈ ਤਾਂ ਇਨ੍ਹਾਂ ਫੂਲਕੀਆ ਸਰਦਾਰਾਂ ਨੇ ਝੱਟਪੱਟ ਪੈਂਤੜਾ ਬਦਲਿਆਂ ਅੰਗਰੇਜ਼ ਕਮਾਂਡਰ ਨਾਲ ਸਾਂਝ ਪਾ ਕੇ ਆਪਣਾ ਬਚਾ ਕਰ ਲਿਆ। ਇਸ ਤੋਂ ਬਾਅਦ ਕੈਂਥਲ ਅਤੇ ਜੀਂਦ ਦੇ ਫੂਲਕੀਆ ਸਰਦਾਰਾਂ ਦਾ ਅੰਗਰੇਜ਼ਾਂ ਨਾਲ ਮੇਲ-ਮਿਲਾਪ ਅਤੇ ਦੋਸਤੀ ਗੂੜ੍ਹੀ ਹੋ ਗਈ। ਇਧਰ ਜਸਵੰਤ ਰਾਏ ਹੋਲਕਰ ਨੇ ਅਗਲੇ ਸਾਲ ਅੰਗਰੇਜ਼ਾਂ ਖਿਲਾਫ਼ ਆਪਣੀਆਂ ਮੁਹਿੰਮਾਂ ਤੇਜ਼ ਕਰ ਦਿੱਤੀਆਂ ਕਿਉਂਕਿ ਮੋਨਸੋਨ ਦੀ ਜਿੱਤ ਤੋਂ ਬਾਅਦ ਉਸ ਨੂੰ ਉਜਲੇ ਭਵਿੱਖ ਦੀ ਆਸ ਹੋ ਗਈ ਸੀ। ਹੋਲਕਰ ਨੇ ਦਿੱਲੀ 'ਤੇ ਹਮਲਾ ਕਰ ਦਿੱਤਾ ਪਰ ਆਕਟਰਲੋਨੀ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਹੋਲਕਰ ਨੂੰ ਰਾਜਪੂਤਾਨੇ ਵੱਲ ਭੱਜਣਾ ਪਿਆ। ਇਸ ਲੜਾਈ ਵਿਚ ਦੋ ਸਿੱਖ ਸਰਦਾਰਾਂ, ਲਾਲ ਸਿੰਘ ਅਤੇ ਭਾਗ ਸਿੰਘ ਨੇ ਸਹਾਰਨਪੁਰ ਦੇ ਮੁਹਾਜ਼ 'ਤੇ ਅੰਗਰੇਜ਼ਾਂ ਦੀ ਭਰਪੂਰ ਮੱਦਦ ਕੀਤੀ, ਜਿਸ ਦੀ ਲਾਰਡ ਲੇਕ ਨੇ ਬਹੁਤ ਤਾਰੀਫ਼ ਕੀਤੀ।

ਸੰਨ 1805 ਵਿਚ ਹੋਲਕਰ ਨੇ ਇਕ ਵਾਰ ਫਿਰ ਉੱਤਰ ਵੱਲ ਮੂੰਹ ਕੀਤਾ ਪਰ ਲਾਰਡ ਲੇਕ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ ਅਤੇ ਸਿੱਟੇ ਵਜੋਂ ਹੋਲਕਰ ਨੂੰ ਪੰਜਾਬ ਵੱਲ ਮੂੰਹ ਕਰਨਾ ਪਿਆ। ਹੋਲਕਰ ਪਹਿਲਾਂ ਪਟਿਆਲੇ ਦਾਖ਼ਲ ਹੋਇਆ, ਪਰ ਅੰਗਰੇਜ਼ ਜਰਨੈਲ ਦੇ ਖ਼ਤਰੇ ਨੂੰ ਭਾਂਪਦਿਆਂ ਸਤਲੁੱਜ ਦਰਿਆ ਵੱਲ ਵਧਦਾ ਗਿਆ। ਫੂਲਕੀਆ ਸਰਦਾਰਾਂ ਨੇ ਉਸ ਦੀ ਕੋਈ ਮੱਦਦ ਨਾ ਕੀਤੀ ਅਤੇ ਹੋਲਕਰ ਫਤਹਿ ਸਿੰਘ ਆਹਲੂਵਾਲੀਆ ਦੇ ਇਲਾਕਿਆਂ ਵਿਚੋਂ ਹੁੰਦਾ ਹੋਇਆ ਮਹਾਰਾਜਾ ਰਣਜੀਤ ਸਿੰਘ ਪਾਸੋਂ ਮੱਦਦ ਲੈਣ ਲਈ ਅੰਮ੍ਰਿਤਸਰ ਦਾਖਲ ਹੋ ਗਿਆ। ਇਸ ਸਮੇਂ ਮਹਾਰਾਜਾ ਰਣਜੀਤ ਸਿੰਘ, ਝੰਗ ਅਤੇ ਮੁਲਤਾਨ ਦੀਆਂ ਫ਼ੌਜੀ ਮੁਹਿੰਮਾਂ ਵਿਚ ਲੱਗਾ ਹੋਇਆ ਸੀ। ਜਦੋਂ ਉਸ ਨੂੰ ਮਰਹੱਟਾ ਆਗੂ ਦੀ ਆਮਦ ਬਾਰੇ ਪਤਾ ਲੱਗਾ ਤਾਂ ਉਹ ਮੁਹਿੰਮ ਵਿਚ ਛੱਡ ਕੇ ਲਾਹੌਰ ਪਰਤ ਆਇ ਅੱਤੇ ਹੋਲਕਰ ਨੂੰ ਅੰਮ੍ਰਿਤਸਰ ਆ ਕੇ ਮਿਲਿਆ। ਮਹਾਰਾਜਾ ਰਣਜੀਤ ਸਿੰਘ ਨੇ ਹੋਲਕਰ ਦਾ ਨਿੱਘਾ ਸਵਾਗਤ ਕੀਤਾ। ਉਸ ਨੂੰ ਬਹੁਤ ਆਦਰ ਮਾਣ ਦੇ ਨਾਲ ਸ਼ਹਿਰ ਵਿਚ ਘੁਮਾਇਆ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਵਾਏ ਅਤੇ ਉਸ ਦੇ ਸਨਮਾਨ ਵਿਚ ਇਕ ਫ਼ੌਜੀ ਦਸਤੇ ਦੀ ਪਰੇਡ ਵੀ ਕਰਵਾਈ। 'ਤਾਰੀਖ਼-ਏ-ਰਣਜੀਤ ਸਿੰਘ' ਮੁਤਾਬਿਕ ਮਹਾਰਾਜਾ ਨੇ ਹੋਲਕਰ ਪਾਸੋਂ ਫ਼ੌਜੀ ਤਕਨੀਕੀ ਜਾਣਕਾਰੀ ਲਈ ਅਤੇ ਮਾਲੀਏ ਸਬੰਧੀ ਵਿਚਾਰ ਵੀ ਸਾਂਝੇ ਕੀਤੇ ਪਰ ਉਸ ਦੀ ਫੌਰਨ ਮੱਦਦ ਵਾਸਤੇ ਮਨ ਨਾ ਬਣਾ ਸਕਿਆ, ਭਾਵੇਂ ਮਹਾਰਾਜਾ ਰਣਜੀਤ ਸਿੰਘ ਆਪਣੀ ਮਰਜ਼ੀ ਦਾ ਆਪ ਮਾਲਕ ਸੀ ਅਤੇ ਉਸ ਦਾ ਕੀਤਾ ਫੈਸਲਾ ਹੀ ਲਾਗੂ ਹੁੰਦਾ ਸੀ, ਪਰ ਇਸ ਮਸਲੇ ਵਿਚ ਉਸ ਨੇ ਆਪਣੀ ਮਰਜ਼ੀ ਨਹੀਂ ਕੀਤੀ। ਇਧਰ ਲਾਰਡ ਲੇਕ, ਹੋਲਕਰ ਦਾ ਪਿੱਛਾ ਕਰਦਾ ਬਿਆਸ ਦਰਿਆ ਦੇ ਕੰਢੇ ਜਲਾਲਾਬਾਦ ਦੇ ਸਥਾਨ 'ਤੇ ਭਾਰੀ ਫੌਜ ਨਾਲ ਡੇਰੇ ਲਾਈ ਬੈਠਾ ਸੀ ਅਤੇ ਉਸ ਨੇ ਵੀ ਆਪਣੇ ਵੱਲੋਂ ਗੱਲਬਾਤ ਤੋਰਨ ਲਈ

ਕੁਝ ਬੰਦੇ ਮਹਾਰਾਜੇ ਪਾਸ ਭੇਜੇ। 'ਉਮਦਾ ਉੱਤਵਾਰੀਖ਼' ਅਨੁਸਾਰ ਲਾਰਡ ਲੇਕ ਨੇ ਰਾਜਾ ਭਾਗ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਵੱਲ ਗੱਲਬਾਤ ਲਈ ਭੇਜਿਆ ਅਤੇ ਅੰਗਰੇਜ਼ਾਂ ਦਾ ਸਾਥ ਦੇਣ ਦੀ ਗੱਲ ਕੀਤੀ। ਇਸ ਸਮੇਂ ਅੰਗਰੇਜ਼ਾਂ ਦਾ ਸਾਥ ਦੇਣ ਜਾਂ ਹੋਲਕਰ ਦਾ, ਇਸ ਸਵਾਲ 'ਤੇ ਮਹਾਰਾਜੇ ਦੇ ਉੱਚ-ਅਧਿਕਾਰੀ ਅਤੇ ਸਰਦਾਰਾਂ ਦੀ ਇਕ ਰਾਏ ਨਹੀਂ ਸੀ। ਅਖੀਰ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਅਤੇ ਹੋਲਕਰ ਦੀ ਸੁਲਹ ਸਫ਼ਾਈ ਕਰਵਾਉਣ ਦੀ ਗੱਲ ਨੂੰ ਬਿਹਤਰ ਸਮਝਦਿਆਂ, ਉਨ੍ਹਾਂ ਵਿਚਕਾਰ 24 ਦਸੰਬਰ, 1805 ਨੂੰ ਇਕ ਸੰਧੀ ਕਰਵਾਈ ਜਿਸ ਅਨੁਸਾਰ ਹੋਲਕਰ ਨੂੰ ਉਸ ਦੇ ਬਹੁਤ ਸਾਰੇ ਇਲਾਕੇ ਅੰਗਰੇਜ਼ਾਂ ਪਾਸੋਂ ਵਾਪਸ ਮਿਲ ਗਏ ਅਤੇ ਉਸ ਨੂੰ ਚੁੱਪ-ਚਾਪ ਮੱਧ ਭਾਰਤ ਵੱਲ ਸ਼ਾਂਤੀ-ਪੂਰਵਕ ਜਾਣ ਦੀ ਖੁਲ੍ਹ ਵੀ ਮਿਲ ਗਈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਇਸ ਖਿੱਚੋਤਾਣ ਦੇ ਕਿਸੇ ਹੱਲ ਲਈ ਮਹਾਰਾਜੇ ਨੇ 'ਗੁਰਮਤਾ' ਵੀ ਕੀਤਾ, ਪਰ ਫਤਹਿ ਸਿੰਘ ਆਹਲੂਵਾਲੀਏ, ਰਾਜਾ ਭਾਗ ਸਿੰਘ ਜੀਂਦ ਵਾਲੇ ਅਤੇ ਮਹਾਰਾਜਾ ਦੇ ਕੁਝ ਸਰਦਾਰਾਂ ਦੀ ਗੱਲਬਾਤ ਨੂੰ 'ਗੁਰਮਤਾ' ਕਹਿਣਾ ਜਾਂ ਮੰਨਣਾ ਠੀਕ ਨਹੀਂ ਹੈ। 'ਉਮਦਾ ਉੱਤਵਾਰੀਖ਼' ਦੇ ਦਫਤਰ ਦੂਜਾ ਵਿਚ ਸੋਹਨ ਲਾਲ ਸੂਰੀ ਸਿਰਫ਼ ਇਤਨਾ ਹੀ ਲਿਖਦਾ ਹੈ ਕਿ ਹੋਲਕਰ ਦੀ ਸਹਾਇਤਾ ਕਰਨੀ ਕਿ ਅੰਗਰੇਜ਼ਾਂ ਨਾਲ ਮਿਤਰਤਾ ਕਰਨੀ, ਇਸ ਬਾਬਤ ਦੋ ਪਰਚੀਆਂ ਮਹਾਰਾਜੇ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰੱਖੀਆਂ ਅਤੇ ਜੋ ਪਰਚੀ ਚੁੱਕ ਕੇ ਪੜ੍ਹੀ, ਉਹ ਅੰਗਰੇਜ਼ਾਂ ਨਾਲ ਮਿੱਤਰਤਾ ਸੰਬੰਧੀ ਸੀ। ਇਹ ਠੀਕ ਹੈ ਕਿ ਇਸ ਮਸਲੇ ਦੇ ਹੱਲ ਵਾਸਤੇ ਅਤੇ ਕਿਸੇ ਅੰਤਮ ਫੈਸਲੇ ਨੂੰ ਲੈਣ ਤੋਂ ਪਹਿਲਾਂ ਮਹਾਰਾਜੇ ਦੇ ਦਿਲ ਵਿਚ ਕਾਫੀ ਦੁਬਿਧਾ ਰਹੀ ਹੋਵੇਗੀ, ਕਿਉਂਕਿ ਇਕ ਪਾਸੇ ਅੰਗਰੇਜ਼ ਭਾਰੀ ਸੈਨਾ ਨਾਲ ਬਿਆਸ ਦਰਿਆ ਦੇ ਕੰਢੇ ਡੇਰੇ ਲਾਈ ਬੈਠੇ ਸਨ ਅਤੇ ਉਸ ਸਮੇਂ ਹੋਲਕਰ ਦਾ ਸਾਥ ਦੇਣਾ ਹਾਨੀਕਾਰਕ ਸਿੱਧ ਹੋ ਸਕਦਾ ਸੀ। ਦੂਜਾ ਮਾਲਵੇ ਦੇ ਸਰਦਾਰ ਖਾਸ ਕਰ ਕੇ ਮਹਾਰਾਜੇ ਦੇ ਆਪਣੇ ਰਿਸ਼ਤੇਦਾਰ ਜੀਂਦ ਦੇ ਭਾਗ ਵਿਚ ਅਤੇ ਫਤਹਿ ਸਿੰਘ ਆਹਲੂਵਾਲੀਆ ਵੀ ਹੋਲਕਰ ਦਾ ਸਾਥ ਦੇਣ ਦੇ ਵਿਰੁੱਧ ਸਨ। ਕਿਉਂਕਿ ਉਹ ਅੰਗਰੇਜ਼ਾਂ ਨਾਲ ਮਿਲ ਚੁੱਕੇ ਸਨ ਪਰ ਇਨ੍ਹਾਂ ਸਰਦਾਰਾਂ ਤੋਂ ਉਲਟ ਮਹਾਰਾਜੇ ਦੇ ਆਪਣੇ ਉੱਚ ਅਧਿਕਾਰੀ ਅਤੇ ਸਰਦਾਰ ਖ਼ਾਲਸਈ ਰਵਾਇਤਾਂ 'ਤੇ ਚਲਦੇ ਹੋਏ ਹੋਲਕਰ ਦੀ ਮੱਦਦ ਕਰਨ 'ਤੇ ਜ਼ੋਰ ਦਿੰਦੇ ਸਨ ਪਰ ਮਹਾਰਾਜੇ ਨੇ ਬਹੁਤ ਸਿਆਣਪ ਤੋਂ ਕੰਮ ਲੈਂਦਿਆਂ ਹੋਇਆਂ ਇਕ ਪਾਸੇ ਹੋਲਕਰ ਨੂੰ ਅੰਗਰੇਜ਼ਾਂ ਨਾਲ ਜੰਗ ਕਰਨ ਤੋਂ ਵਰਜ ਲਿਆ ਅਤੇ ਦੂਜੇ ਪਾਸੇ ਫਤਹਿ ਸਿੰਘ ਆਹਲੂਵਾਲੀਆ ਰਾਹੀਂ ਅੰਗਰੇਜ਼ ਜਰਨੈਲ ਲੇਕ ਨਾਲ ਗੱਲਬਾਤ ਤੋਰ ਕੇ ਹੋਲਕਰ ਨਾਲ ਸੰਧੀ ਕਰਨ ਵਾਸਤੇ ਰਾਹ ਪੱਧਰਾ ਕੀਤਾ। ਇਸੇ ਦੌਰਾਨ ਗਵਰਨਰ ਜਨਰਲ ਵੈਲਜ਼ਲੀ ਨੂੰ ਕੰਪਨੀ ਵੱਲੋਂ ਭਾਰਤ ਤੋਂ ਵਾਪਸ ਬੁਲਾਏ ਜਾਣ ਕਰਕੇ ਅਤੇ ਉਸ ਦੀ ਜਗ੍ਹਾ ਲਾਰਡ ਕਾਰਨਵਾਲਸ ਅਤੇ ਉਸ ਤੋਂ ਬਾਅਦ ਸਰ ਜਾਰਜ ਬਾਰਲੋਂ ਵੱਲੋਂ 'ਦਖ਼ਲ ਨਾ ਦੇਣ' ਦੀ ਨੀਤੀ ਅਤੇ 'ਕਿਸੇ ਵੀ ਕੀਮਤ 'ਤੇ ਸ਼ਾਂਤੀ' ਦੇ ਸਿਧਾਂਤ 'ਤੇ ਚੱਲਣ ਕਰਕੇ ਅੰਗਰੇਜ਼ਾਂ ਦੇ ਰੁਖ਼ ਵਿਚ ਦੇਸੀ ਰਿਆਸਤਾਂ ਪ੍ਰਤੀ ਕੁਝ ਨਰਮੀ ਆ ਗਈ ਸੀ।

ਅੰਗਰੇਜ਼ਾਂ ਅਤੇ ਹੋਲਕਰ ਦਰਮਿਆਨ ਸੁਲਹ ਹੋ ਜਾਣ ਤੋਂ ਬਾਅਦ ਪਹਿਲੀ ਜਨਵਰੀ 1806 ਨੂੰ ਜਨਰਲ ਲੇਕ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਫਤਹਿ ਸਿੰਘ ਆਹਲੂਵਾਲੀਆ ਨਾਲ ਇਕ ਰਸਮੀ ਸਮਝੌਤਾ ਵੀ ਕੀਤਾ। ਇਸ ਨੂੰ ਲਾਹੌਰ ਦੀ ਸੰਧੀ ਵੀ ਕਿਹਾ ਜਾਂਦਾ ਹੈ। ਇਹ ਸਮਝੌਤਾ ਵੀ ਹੋਲਕਰ ਅਤੇ ਉਸ ਦੀਆਂ ਫੌਜਾਂ ਦੀ ਵਾਪਸੀ ਨੂੰ ਯਕੀਨੀ ਬਣਾਉਣ ਦਾ ਸੀ। ਇਸ ਸੰਧੀ ਅਨੁਸਾਰ ਹੋਲਕਰ ਫੌਰੀ ਤੌਰ 'ਤੇ ਪੰਜਾਬ ਵਿਚੋਂ ਬੇਦਖਲ ਹੋ ਗਿਆ ਅਤੇ ਅੱਗੋਂ ਅੰਗਰੇਜ਼ਾਂ ਅਤੇ ਮਹਾਰਾਜਾ ਦਰਮਿਆਨ ਆਪਸੀ ਮਿਲਵਰਤਨ ਦਾ ਨਵਾਂ ਅਧਿਆਇ ਸ਼ੁਰੂ ਹੋਇਆ। ਕਈ ਇਤਿਹਾਸਕਾਰਾਂ ਦਾ ਮੱਤ ਹੈ ਕਿ ਇਸ ਸੰਧੀ ਨਾਲ ਮਹਾਰਾਜੇ ਨੂੰ ਸਤਲੁੱਜ ਦੇ ਪਾਰ ਦੇ ਮਾਲਵੇ ਦੇ ਇਲਾਕਿਆਂ ਵਿਚ ਆਪਣੀ ਤਾਕਤ ਵਧਾਉਣ ਦੀ ਖੁਲ੍ਹੀ ਛੁੱਟੀ ਮਿਲ ਗਈ ਸੀ। ਇਹ ਧਾਰਨਾ ਠੀਕ ਨਹੀਂ ਹੈ। ਜਿਸ ਤਰ੍ਹਾਂ ਕਿ ਅਸੀਂ ਪਹਿਲੇ ਜ਼ਿਕਰ ਕਰ ਚੁੱਕੇ ਹਾਂ ਕਿ ਅੰਗਰੇਜ਼ ਵਾਇਸ ਰਾਏ ਵੈਲਜ਼ਲੀ ਦੇ ਸੰਨ 1805 ਵਿਚ ਚਲੇ ਜਾਣ ਤੋਂ ਬਾਅਦ ਅਤੇ ਉਸ ਦੀ ਥਾਂ ਸੰਨ 1807 ਲਾਰਡ ਮਿੰਟੋ ਦੇ ਗਵਰਨਰ ਜਨਰਲ ਬਣ ਕੇ ਆਉਣ ਦੇ ਦਰਮਿਆਨ ਦੇ ਥੋੜ੍ਹੇ ਸਮੇਂ ਵਿਚ ਦੋ ਐਕਟਿੰਗ ਗਵਰਨਰ ਜਨਰਲ ਆਏ, ਜਿਨ੍ਹਾਂ ਨੇ ਦਖ਼ਲ ਨਾ ਦੇਣ ਦੀ ਨੀਤੀ ਅਪਣਾਈ, ਇਸ ਸਮੇਂ ਦੌਰਾਨ ਰਾਜੂਪਤਾਨੇ ਵਿਚ ਮਰਹੱਟਿਆਂ ਨੇ ਮਾਰ ਕਾਟ ਕਰਨੀ ਸ਼ੁਰੂ ਕਰ ਦਿੱਤੀ, ਮਦਰਾਸ ਵਿਖੇ ਤਾਇਨਾਤ ਅੰਗਰੇਜ਼ ਅਫ਼ਸਰਾਂ ਅਤੇ ਦੇਸੀ ਸਿਪਾਹੀਆਂ ਦਰਮਿਆਨ ਖਿੱਚੋਤਾਣ ਚੱਲੀ, ਵੈਲੋਰ ਸ਼ਹਿਰ ਵਿਚ ਤਾਂ ਇਕ ਹਜ਼ਾਰ ਯੂਰਪੀਅਨਾਂ ਨੂੰ ਕਤਲ ਕਰ ਦਿੱਤਾ ਗਿਆ ਅਤੇ ਇਸੇ ਸ਼ਹਿਰ ਵਿਚ ਟੀਪੂ ਸੁਲਤਾਨ ਦੇ ਪੁੱਤਰਾਂ ਦੀ ਮੌਜੂਦਗੀ ਨਾਲ ਮਾਹੌਲ ਹੋਰ ਵਿਗੜ ਗਿਆ। ਟਰਾਂਵਨਕੋਰ ਨਾਂ ਦੇ ਸ਼ਹਿਰ ਵਿਚ ਵੀ ਬਗ਼ਾਵਤ ਫੈਲ ਗਈ ਜਿਸ ਦੇ ਵਿਚ ਉਥੋਂ ਦੇ ਬਰਤਾਨਵੀ ਰੈਜ਼ੀਡੈਂਟ ਅਤੇ ਕੁਝ ਹੋਰ ਅੰਗਰੇਜ਼ ਮਾਰੇ ਗਏ। ਬੁੰਦੇਲਖੰਡ ਵਿਚ ਵੀ ਅਜਿਹੀ ਗੜਬੜ ਹੋਈ। ਇਸ ਤਰ੍ਹਾਂ ਅੰਗਰੇਜ਼ ਆਪਣੇ ਕਬਜ਼ੇ ਵਾਲੇ ਇਲਾਕਿਆਂ ਵਿਚ ਖਾਨਾ-ਜੰਗੀ ਵਰਗੇ ਮਸਲੇ ਵਿਚ ਉਲਝੇ ਹੋਏ ਸੀ, ਇਧਰ ਮਹਾਰਾਜਾ ਰਣਜੀਤ ਸਿੰਘ ਨੇ ਮਾਲਵੇ ਦੀਆਂ ਫੂਲਕੀਆ ਰਿਆਸਤਾਂ ਵਿਚ ਨਿਰਵਿਘਨ ਜੰਗੀ ਮੁਹਿੰਮਾਂ ਜਾਰੀ ਰੱਖੀਆਂ ਹੋਈਆਂ ਸਨ ਅਤੇ ਉਸ ਨੇ ਮੈਂਟਕਾਫ ਦੀ ਪਰਵਾਹ ਕੀਤੇ ਬਿਨਾਂ, ਜੋ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣ ਆਇਆ ਹੋਇਆ ਸੀ, ਮਾਲਵੇ ਉਤੇ ਤੀਜੀ ਵਾਰ ਸਤੰਬਰ, 1808 ਵਿਚ ਹੱਲਾ ਬੋਲ ਕੇ ਫਰੀਦਕੋਟ ਅਤੇ ਮਲੇਰਕੋਟਲਾ ਜਿੱਤ ਲਿਆ ਅਤੇ ਇਸ ਪਿੱਛੋਂ ਸ਼ਾਹਬਾਦ ਅਤੇ ਅੰਬਾਲੇ ਉਤੇ ਵੀ ਕਬਜ਼ਾ ਕਰ ਲਿਆ ਸੀ। ਮਹਾਰਾਜੇ ਨੇ ਮਾਲਵੇ ਉਤੇ ਇਹ ਜੰਗੀ ਮੁਹਿੰਮਾਂ ਸੰਨ 1806 ਤੋਂ 1808 ਤੱਕ ਜਾਰੀ ਰੱਖੀਆਂ। ਸਿੱਖਾਂ ਵਿਚ ਮਹਾਰਾਜੇ ਦੇ ਵਧ ਰਹੇ ਵਿਅਕਤੀਗਤ ਅਤੇ ਸਿਆਸੀ ਪ੍ਰਭਾਵ ਨੂੰ ਈਸਟ ਇੰਡੀਆ ਕੰਪਨੀ ਦੇ ਵਿਚਾਰਵਾਨ ਵਿਅਕਤੀ ਇਸ ਨੂੰ ਹਿੰਦੁਸਤਾਨ ਵਿਚ ਅੰਗਰੇਜ਼ੀ ਹਿੱਤਾਂ ਵਾਸਤੇ ਖ਼ਤਰੇ ਦੀ ਘੰਟੀ ਦਸਦੇ ਸਨ।

ਇਸ ਤੋਂ ਪਹਿਲਾਂ ਅੰਗਰੇਜ਼ਾਂ ਨੇ ਭਾਰਤ ਦੇ ਉੱਤਰ-ਪੱਛਮੀ ਖਿੱਤੇ ਵਿਚ ਚਲ ਰਹੇ ਸਿਆਸੀ ਘਟਨਾ-ਕ੍ਰਮ ਨੂੰ ਵਾਚਦਿਆਂ ਇਹ ਮਹਿਸੂਸ ਕੀਤਾ ਕਿ ਇਸ ਪਾਸਿਉਂ ਉਨ੍ਹਾਂ ਨੂੰ ਫਿਲਹਾਲ ਕੋਈ ਗੰਭੀਰ ਖ਼ਤਰਾ ਨਹੀਂ ਸੀ, ਕਿਉਂਕਿ ਇਹ ਖਿੱਤਾ (ਖਾਸ ਕਰ ਕੇ ਸਤਲੁੱਜ ਦਰਿਆ ਅਤੇ ਸਿੰਧ

ਦਰਿਆ ਦੇ ਵਿਚਾਲੇ ਦਾ ਇਲਾਕਾ) ਅਨੇਕਾਂ ਕਮਜ਼ੋਰ ਅਤੇ ਨਿੱਕੀਆਂ-ਨਿੱਕੀਆਂ ਸਿੱਖ ਮਿਸਲਾਂ ਅਤੇ ਮੁਸਲਿਮ ਸਰਦਾਰਾਂ ਦਰਮਿਆਨ ਵੰਡਿਆ ਹੋਇਆ ਸੀ ਅਤੇ ਲੋੜ ਪੈਣ 'ਤੇ ਅੰਗਰੇਜ਼ਾਂ ਵਰਗੀ ਤਾਕਤਵਰ ਧਿਰ ਇਨ੍ਹਾਂ ਉੱਤੇ ਸੌਖਿਆਂ ਹੀ ਕਾਬੂ ਪਾ ਸਕਦੀ ਸੀ ਪਰ ਸੰਨ 1808 ਤੱਕ ਮਹਾਰਾਜਾ ਰਣਜੀਤ ਸਿੰਘ ਸਾਰੀਆਂ ਸਿੱਖ ਮਿਸਲਾਂ ਨੂੰ ਇਕੱਠਾ ਕਰ ਕੇ ਇਕ ਸ਼ਕਤੀਸ਼ਾਲੀ ਸਿੱਖ ਰਾਜ ਕਾਇਮ ਕਰ ਚੁੱਕਾ ਸੀ ਅਤੇ ਆਪਣੇ ਰਾਜ ਵਿਚ ਤੇਜ਼ੀ ਨਾਲ ਵਿਸਥਾਰ ਵੀ ਕਰ ਰਿਹਾ ਸੀ। ਇਸ ਹਾਲਤ ਵਿਚ ਜਦੋਂ ਕਿ ਮਾਲਵੇ ਦੀਆਂ ਫੂਲਕੀਆ ਰਿਆਸਤਾਂ ਖੁਦ ਅੰਗਰੇਜ਼ਾਂ ਦੀ ਅਧੀਨਗੀ ਸਵੀਕਾਰ ਕਰਨ ਲਈ ਲਿਲ੍ਹਕੜੀਆਂ ਲੈ ਰਹੀਆਂ ਸਨ, ਅੰਗਰੇਜ਼ਾਂ ਨੇ ਆਪਣੇ ਸਾਮਰਾਜ ਦੇ ਵਿਸਥਾਰ ਲਈ ਇਹ ਇਕ ਚੰਗਾ ਮੌਕਾ ਜਾਣਦਿਆਂ ਅਤੇ ਫੂਲਕੀਆ ਦੀਆਂ ਪਿਛਲੀਆਂ ਸੇਵਾਵਾਂ ਅਤੇ ਤਾਬੇਦਾਰੀਆਂ ਨੂੰ ਮੁੱਖ ਰੱਖਦਿਆਂ, ਦਖ਼ਲ ਨਾ ਦੇਣ ਦੀ ਪਾਲਿਸੀ ਨੂੰ ਬਦਲਦਿਆਂ ਬਹੁਤੀ ਦੇਰ ਨਾ ਲਾਈ। ਹੁਣ ਮਹਾਰਾਜਾ ਰਣਜੀਤ ਸਿੰਘ ਦੇ ਸ਼ਕਤੀਸ਼ਾਲੀ ਰਾਜ ਨੂੰ ਪਲਟਾਉਣ ਲਈ ਅੰਗਰੇਜ਼ਾਂ ਨੂੰ ਇਕ ਕਾਰਗਰ ਆਧਾਰ-ਭੂਮੀ ਮਿਲ ਗਈ ਸੀ। ਇਸ ਤੋਂ ਇਲਾਵਾ ਜਦੋਂ ਸੰਨ 1807 ਵਿਚ ਲਾਰਡ ਮਿੰਟੋ ਭਾਰਤ ਵਿਚ ਈਸਟ ਇੰਡੀਆ ਕੰਪਨੀ ਦਾ ਗਵਰਨਰ ਜਨਰਲ ਬਣ ਕੇ ਆਇਆ ਤਾਂ ਉਦੋਂ ਯੂਰਪ ਦੇ ਅੰਤਰਰਾਸ਼ਟਰੀ ਮੰਚ 'ਤੇ ਵੀ ਅਹਿਮ ਤਬਦੀਲੀਆਂ ਹੋਈਆਂ। ਜੂਨ 1807 ਵਿਚ ਫਰਾਂਸ ਦੇ ਨਿਪੋਲੀਅਨ ਅਤੇ ਰੂਸ ਦੇ ਜ਼ਾਰ ਵਿਚਕਾਰ ਹੋਈ ਟਿਲਸਿਟ ਦੀ ਸੰਧੀ ਨੇ ਨਿਪੋਲੀਅਨ ਦੀ ਤਾਕਤ ਵਿਚ ਬਹੁਤ ਵਾਧਾ ਕੀਤਾ।

ਰੂਸ ਨੇ ਇੰਗਲੈਂਡ ਦੇ ਦੁਸ਼ਮਣਾਂ ਨਾਲ ਸਾਂਝ ਪਾ ਲਈ ਅਤੇ ਸਵੀਡਨ ਨੂੰ ਛੱਡ ਕੇ ਬਾਕੀ ਸਾਰੇ ਯੂਰਪੀ ਦੇਸ਼ ਫਰਾਂਸ ਨਾਲ ਖਲੋ ਗਏ। ਇਨ੍ਹਾਂ ਹਾਲਤਾਂ ਵਿਚ ਨਿਪੋਲੀਅਨ ਨੇ ਅੰਗਰੇਜ਼ਾਂ ਕੋਲੋਂ ਉਨ੍ਹਾਂ ਦੇ ਪੂਰਬੀ ਇਲਾਕਿਆਂ ਵਾਲੀਆਂ ਕਲੋਨੀਆਂ ਨੂੰ ਖੋਹਣ ਦੀਆਂ ਵਿਉਂਤਾਂ ਘੜੀਆਂ। ਫਰਾਂਸ ਅਤੇ ਰੂਸ ਦੇ ਆਪਸੀ ਮੇਲ ਕਰ ਕੇ ਅੰਤਰਰਾਸ਼ਟਰੀ ਹਾਲਾਤ ਹੋਰ ਅੰਗਰੇਜ਼ਾਂ ਦੇ ਖਿਲਾਫ਼ ਹੋ ਗਏ। ਹੁਣ ਇੰਗਲੈਂਡ ਦੇ ਅੰਗਰੇਜ਼ੀ ਸਾਮਰਾਜ ਅਤੇ ਲਾਰਡ ਮਿੰਟੋ ਨੂੰ ਭਾਰਤ ਵਿਚ ਵੀ ਸਾਮਰਾਜੀ ਹਿੱਤਾਂ ਨੂੰ ਖ਼ਤਰਾ ਦਿੱਸਣ ਲੱਗਾ। ਇੰਗਲੈਂਡ ਵੱਲੋਂ ਭੇਜੇ 2 ਫਰਵਰੀ 1808 ਦੇ ਆਪਣੇ ਇਕ ਪੱਤਰ ਵਿਚ ਲਾਰਡ ਮਿੰਟੋ ਨੇ ਲਿਖਿਆ ਕਿ ਜਿਤਨੀ ਦੇਰ ਫਰਾਂਸ, ਯੂਰਪ ਮਹਾਂਦੀਪ ਦੇ ਮਸਲਿਆਂ ਵਿਚ ਉਲਝਿਆ ਰਹੇਗਾ, ਉਤਨੀ ਦੇਰ ਇਸ ਖਿੱਤੇ (ਭਾਰਤ) ਵਿਚ ਅੰਗਰੇਜ਼ੀ ਸਾਮਰਾਜ ਨੂੰ ਕੋਈ ਖਤਰਾ ਨਹੀਂ ਪਰ ਅਗਰ ਜੇ ਫਰਾਂਸ ਦੀਆਂ ਫੌਜਾਂ ਯੂਰਪ ਵੱਲੋਂ ਵਿਹਲੀਆਂ ਹੋ ਕੇ, ਵੱਡੀ ਗਿਣਤੀ ਵਿਚ ਤੁਰਕੀ, ਰੂਸ ਅੇਤ ਪਰਸ਼ੀਆ ਦੇ ਮਿਲਵਰਤਨ ਨਾਲ ਪਰਸ਼ੀਆ ਵਿਚ ਆ ਜਾਂਦੀਆਂ ਹਨ ਤਾਂ ਨਿਪੋਲੀਅਨ ਦੇ ਪਾਸ ਇਤਨੀ ਸ਼ਕਤੀ ਹੁੰਦਿਆਂ, ਉਸ ਦੇ ਖ਼ਤਰੇ ਨੂੰ ਘੱਟ ਕਰ ਕੇ ਨਹੀਂ ਵੇਖਿਆ ਜਾ ਸਕਦਾ ਸੀ। ਲਾਰਡ ਮਿੰਟੋ ਦਾ ਇਹ ਵੀ ਵਿਚਾਰ ਸੀ ਕਿ ਨਿਪੋਲੀਅਨ ਵਰਗੇ ਆਦਮੀ ਦੀ ਅਗਵਾਈ ਵਿਚ ਕਿਸੇ ਵੀ ਨਿਸ਼ਾਨੇ 'ਤੇ ਪਹੁੰਚਣਾ ਮੁਸ਼ਕਿਲ ਨਹੀਂ ਸੀ। "ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ (ਅੰਗਰੇਜ਼) ਇਸ ਗੱਲ ਨੂੰ ਵਿਹਾਰਕ ਜਾਣੀਏ ਅਤੇ ਆਪਣੀ ਵਿਚਾਰ ਸ਼ਕਤੀ ਨਾਲ ਇਹ ਉਪਾਅ ਕਰੀਏ ਜਿਸ ਨਾਲ ਇਸ ਦਾ ਮੁਕਾਬਲਾ ਕੀਤਾ ਜਾ ਸਕੇ ਭਾਵੇਂ ਕਿ ਇਸ ਨਾਲ ਕੁਝ ਸਥਾਨਕ ਅਤੇ ਫੌਰੀ ਹਿੱਤਾਂ ਨੂੰ ਨੁਕਸਾਨ ਹੀ ਹੁੰਦਾ ਹੋਵੇ।"

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਆਓ ਜਾਣੀਏ !

- ਸੰਪਾਦਕ

1. ਰਾਜਾ ਟੋਬਰ ਮੱਲ ਕਿਸ ਦਾ ਸਮਕਾਲੀ ਸੀ?
   ੳ) ਗੁਰੂ ਨਾਨਕ ਦੇਵ  ਅ) ਗੁਰੂ ਰਾਮਦਾਸ ਜੀ
   ੲ) ਗੁਰੂ ਗੋਬਿੰਦ ਸਿੰਘ  ਸ) ਮਹਾਰਾਜਾ ਰਣਜੀਤ ਸਿੰਘ  (ਅ)
2. ਜਨਮ ਸਾਖੀਆਂ ਤੋਂ ਕੀ ਭਾਵ ਹੈ?
   ੳ) ਕਥਾਵਾਂ  ਅ) ਕਵਿਤਾਵਾਂ
   ੲ) ਗ਼ਜ਼ਲਾਂ  ਸ) ਸ਼ਲੋਕ  (ੳ)
3. ਜਨਮ ਸਾਖੀਆਂ ਦਾ ਸਬੰਧ ਕਿਹੜੇ ਗੁਰੂ ਸਾਹਿਬ ਨਾਲ ਹੈ?
   ੳ) ਗੁਰੂ ਅੰਗਦ ਦੇਵ  ਅ) ਗੁਰੂ ਅਮਰਦਾਸ
   ੲ) ਗੁਰੂ ਨਾਨਕ ਦੇਵ  ਸ) ਗੁਰੂ ਅਰਜਨ ਦੇਵ  (ੲ)
4. ਢਾਡੀ ਕਲਾ ਦਾ ਜਨਮ ਕਿੱਥੇ ਹੋਇਆ ਸੀ?
   ੳ) ਸਾਊਦੀ ਅਰਬ  ਅ) ਕਾਬੁਲ
   ੲ) ਰਾਜਸਥਾਨ  ਸ) ਪੰਜਾਬ  (ੳ)
5. ਢਾਡੀ ਕਲਾ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਕਿਸ ਗੁਰੂਕਾਲ ਸਮੇਂ ਬਣੀ?
   ੳ) ਗੁਰੂ ਅਰਜਨ ਦੇਵ  ਅ) ਗੁਰੂ ਹਰਿਗੋਬਿੰਦ
   ੲ) ਗੁਰੂ ਤੇਗ ਬਹਾਦਰ  ਸ) ਗੁਰੂ ਗੋਬਿੰਦ ਸਿੰਘ  (ਅ)
6. ਸਭ ਤੋਂ ਪਹਿਲਾਂ ਸਿੱਖ ਗੁਰੂਆਂ ਦੇ ਨਾਂ ਦੇ ਸਿੱਕੇ ਕਿਸ ਨੇ ਜਾਰੀ ਕੀਤੇ?
   ੳ) ਬੰਦਾ ਬਹਾਦਰ  ਅ) ਜੱਸਾ ਸਿੰਘ
   ੲ) ਨਵਾਬ ਕਪੂਰ ਸਿੰਘ  ਸ) ਮਹਾਰਾਜਾ ਰਣਜੀਤ ਸਿੰਘ  (ੳ)
7. ਸਿੱਖ ਇਤਿਹਾਸ ਵਿਚ ਪਹਿਲੀ ਵਾਰ ਨਿਸ਼ਾਨ ਸਾਹਿਬ ਕਿਸ ਨੇ ਝੁਲਾਇਆ ਸੀ?
   ੳ) ਗੁਰੂ ਹਰਗੋਬਿੰਦ  ਅ) ਗੁਰੂ ਗੋਬਿੰਦ ਸਿੰਘ
   ੲ) ਬੰਦਾ ਬਹਾਦਰ  ਸ) ਮਹਾਰਾਜਾ ਰਣਜੀਤ ਸਿੰਘ  (ੳ)
8. ਪੰਜਾਬ ਅੰਗਰੇਜ਼ਾਂ ਦਾ ਗੁਲਾਮ ਕਿੰਨੇ ਸੇਮਾਂ ਰਿਹਾ?
   ੳ) 98 ਸਾਲ  ਅ) 57 ਸਾਲ
   ੲ) 108 ਸਾਲ  ਸ) 88 ਸਾਲ  (ੳ)
9. ਬਾਬਾ ਗੁਰਦਿੱਤਾ ਦੇ ਭਰਾ ਅਤੇ ਗੁਰੂ ਹਰਗੋਬਿੰਦ ਦੇ ਸਭ ਤੋਂ ਛੋਟੇ ਪੁੱਤਰ ਦਾ ਸਬੰਧ ਕਿਸ ਨਾਲ ਹੈ?
   ੳ) ਗੁਰੂ ਹਰ ਰਾਏ  ਅ) ਗੁਰੂ ਹਰਕ੍ਰਿਸ਼ਨ
   ੲ) ਗੁਰੂ ਤੇਗ ਬਹਾਦਰ  ਸ) ਗੁਰੂ ਗੋਬਿੰਦ ਸਿੰਘ  (ੲ)
10. ਮਾਈ ਭਾਗੋ ਕਿਸ ਦੀ ਸਮਕਾਲੀ ਸੀ?
   ੳ) ਬੰਦਾ ਬਹਾਦਰ  ਅ) ਗੁਰੂ ਨਾਨਕ ਦੇਵ
   ੲ) ਮਹਾਰਾਜਾ ਰਣਜੀਤ ਸਿੰਘ  ਸ) ਗੁਰੂ ਗੋਬਿੰਦ ਸਿੰਘ  (ਸ)

# ਸੰਤ ਪ੍ਰੇਮ ਸਿੰਘ ਜੀ ਮੁਰਾਲਾ ਦੇ ਪ੍ਰਮੁੱਖ ਸਹਿਯੋਗੀ ਸਰਦਾਰ ਬਹਾਦਰ ਗੋਪਾਲ ਸਿੰਘ (1862-1947)

## ਡਾ. ਜਸਵੰਤ ਸਿੰਘ

ਸਰਦਾਰ ਬਹਾਦਰ ਗੋਪਾਲ ਸਿੰਘ ਦਾ ਜਨਮ 1862 ਈ. ਵਿਚ ਕਪੂਰਥਲਾ ਰਿਆਸਤ ਦੇ ਪਿੰਡ ਨੂਰਪੁਰ ਲੁਬਾਣਾ ਵਿਚ ਹੋਇਆ। ਉਹ ਪੜ੍ਹੇ ਲਿਖੇ ਵਿਅਕਤੀ ਸਨ ਜਿਨ੍ਹਾਂ ਨੂੰ ਗੁਰਮੁਖੀ ਫ਼ਾਰਸੀ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾ ਬਾਰੇ ਕਾਫੀ ਗਿਆਨ ਸੀ। ਉਹ 1882 ਈ. ਵਿਚ ਅੰਗਰੇਜ਼ ਸੈਨਾ ਵਿਚ ਭਰਤੀ ਹੋਏ ਪਰ ਉਹਨਾਂ ਨੇ ਆਪਣੇ ਪਿਤਾ ਨੂੰ ਇਨਾਮ ਵਜੋਂ ਲਾਹੌਰ ਜ਼ਿਲ੍ਹੇ ਵਿਚ ਮਿਲੀ ਜਗੀਰ ਦਾ ਪ੍ਰਬੰਧ ਕਰਨ ਲਈ ਅਸਤੀਫਾ ਦੇ ਦਿੱਤਾ।

ਪਹਿਲੇ ਮਹਾਂਯੁੱਧ (1914-18) ਦੌਰਾਨ ਉਹਨਾਂ ਨੇ ਲੁਬਾਣਾ ਬਰਾਦਰੀ ਦੇ ਬਹੁਤ ਜ਼ਿਆਦਾ ਸੈਨਿਕ ਲੜਾਈ ਦੇ ਮੈਦਾਨ ਵਿਚ ਭੇਜੇ। ਉਹਨਾਂ ਦੀਆਂ ਵਰਣਨਯੋਗ ਸੇਵਾਵਾਂ ਨੂੰ ਮਾਨਤਾ ਦਿੰਦੇ ਹੋਏ ਉਹਨਾਂ ਨੂੰ 2 ਮੁਰੱਬੇ ਜ਼ਮੀਨ ਚੱਕ ਨੰਬਰ 28, ਤਹਿਸੀਲ ਚੂਨੀਆਂ, ਜ਼ਿਲ੍ਹਾ ਲਾਹੌਰ ਵਿਚ ਅਤੇ 5 ਮੁਰੱਬੇ ਜ਼ਮੀਨ ਤਹਿਸੀਲ ਉਕਾਰਾ, ਜ਼ਿਲ੍ਹਾ ਮਿੰਟਗੁਮਰੀ ਵਿਚ ਦਿੱਤੀ। ਉਨ੍ਹਾਂ ਨੂੰ 1921 ਈ. ਵਿਚ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜਦ ਕੀਤਾ ਗਿਆ। ਉਨ੍ਹਾਂ ਨੇ ਲਾਇਲਪੁਰ, ਝੰਗ, ਸ਼ਾਹਪੁਰ ਅਤੇ ਮਿੰਟਗੁਮਰੀ ਦੇ ਜ਼ਿਲ੍ਹਿਆਂ ਵਿਚ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਖੇਤੀਬਾੜੀ ਵਾਲੇ ਕਬੀਲਿਆਂ ਵਿਚ ਸ਼ਾਮਲ ਕਰਵਾਉਣ ਲਈ ਪੰਜਾਬ ਵਿਧਾਨ ਪ੍ਰੀਸ਼ਦ ਵਿਚ ਪੁਰਜ਼ੋਰ ਆਵਾਜ਼ ਉਠਾਈ। ਉਹਨਾਂ ਨੇ ਸਪੱਸ਼ਟ ਕੀਤਾ ਕਿ ਲੁਬਾਣਾ ਬਰਾਦਰੀ ਇਸ ਸਮੇਂ ਖੇਤੀਬਾੜੀ ਅਤੇ ਸੈਨਿਕ ਸੇਵਾ ਕਰ ਰਹੀ ਹੈ।

ਸਰਦਾਰ ਗੋਪਾਲ ਸਿੰਘ ਨੇ ਲੁਬਾਣਾ ਬਰਾਦਰੀ ਨੂੰ ਉੱਚਾ ਚੁੱਕਣ ਲਈ ਬਹੁਤ ਸ਼ਲਾਘਾਯੋਗ ਯਤਨ ਕੀਤੇ। ਉਹਨਾਂ ਨੇ 1921 ਈ. ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ ਵਿਚ ਖੋਲ੍ਹਣ ਲਈ ਬਹੁਤ ਕੰਮ ਕੀਤਾ। ਉਹ ਵਿਹਾਰ ਸੁਧਾਰ ਲਹਿਰ, ਜੋ ਲੁਬਾਣਾ ਬਰਾਦਰੀ ਵਿਚ ਆਈਆਂ ਬੁਰਾਈਆਂ ਨੂੰ ਦੂਰ ਕਰਨ ਲਈ ਸੰਤ ਪ੍ਰੇਮ ਸਿੰਘ ਜੀ ਨੇ ਸ਼ੁਰੂ ਕੀਤੀ ਸੀ, ਵਿਚ ਸ਼ਾਮਿਲ ਹੋਏ। ਉਨ੍ਹਾਂ ਦੇ ਯਤਨਾਂ ਕਰਕੇ 1928 ਈ. ਵਿਚ ਚੱਕ ਨੰਬਰ 37, ਪੱਤੋਕੀ ਜ਼ਿਲ੍ਹਾ ਲਾਹੌਰ ਵਿਚ ਇਕ ਵਿਹਾਰ ਸੁਧਾਰ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਤੋਂ ਬਿਨਾਂ ਉਹਨਾਂ ਨੇ ਬਾਬਾ ਬਕਾਲਾ ਵਿਖੇ ਬੁੰਗਾ ਬਣਵਾਇਆ ਤੇ ਨਨਕਾਣਾ ਸਾਹਿਬ ਵਿਖੇ ਬੁੰਗਾ ਬਣਾਉਣ ਵਿਚ ਪੂਰਾ ਸਾਥ ਦਿੱਤਾ। ਉਹਨਾਂ ਦੀ ਮੌਤ 1947 ਈ. ਵਿਚ ਨੂਰਪੁਰ ਲੁਬਾਣਾ ਵਿਖੇ ਹੋਈ।

**ਬਾਵਾ ਹਰਨਾਮ ਸਿੰਘ (1915-1981)** - ਬਾਵਾ ਹਰਨਾਮ ਸਿੰਘ, ਲੁਬਾਣਾ ਬਰਾਦਰੀ ਦੇ ਇਕ ਪ੍ਰਭਾਵਸ਼ਾਲੀ ਨੇਤਾ ਸਨ ਜਿਨ੍ਹਾਂ ਨੇ 1950 ਈ. ਤੋਂ 1981 ਈ. ਤੱਕ ਆਪਣੀ ਬਰਾਦਰੀ ਦੀ ਅਗਵਾਈ ਕੀਤੀ। ਉਹਨਾਂ ਦਾ ਜਨਮ 10 ਜੂਨ 1915 ਈ. ਨੂੰ ਖੋਜ਼ੀ ਦੁੱਨਾ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਗੁਜਰਾਤ ਵਿਚ ਹੋਇਆ। ਉਹ ਦੱਸਵੀਂ ਦੀ ਪ੍ਰੀਖਿਆ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਤੋਂ ਪਾਸ ਕਰਕੇ, ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋਏ। ਕੁਝ ਸਮੇਂ ਬਾਅਦ ਉਹ ਕਾਲਜ ਬਦਲ ਕੇ ਸਿੱਖ ਨੈਸ਼ਨਲ ਕਾਲਜ, ਲਾਹੌਰ ਚਲੇ ਗਏ। ਇਸ ਕਾਲਜ ਤੋਂ ਹੀ ਉਹਨਾਂ ਨੇ 1936 ਈ. ਵਿਚ ਬੀ.ਏ. ਪਾਸ ਕੀਤੀ।

ਪੜ੍ਹਾਈ ਖਤਮ ਕਰਨ ਉਪਰੰਤ ਉਹਨਾਂ ਨੇ ਸੰਤ ਪ੍ਰੇਮ ਸਿੰਘ ਰਾਹੀਂ ਲੁਬਾਣਾ ਬਰਾਦਰੀ ਦੇ ਵਿਕਾਸ ਲਈ ਸ਼ੁਰੂ ਕੀਤੇ ਕੰਮਾਂ ਵਿਚ ਹਿੱਸਾ ਲਿਆ। ਉਹਨਾਂ ਨੇ ਬਰਾਦਰੀ ਵਿਚੋਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਤੇ ਸਮਾਜਿਕ ਅਤੇ ਸੱਭਿਆਚਾਰਕ ਜਾਗਰਤੀ ਪੈਦਾ ਕਰਨ ਲਈ ਇਕ ਬਹੁਤ ਮਹੱਤਵਪੂਰਨ ਸਪਤਾਹਿਕ ਅਖਬਾਰ 'ਪ੍ਰੇਮ ਸੰਦੇਸ਼' 1941 ਈ. ਵਿਚ ਕਿਲਾ ਗੁੱਜਰ ਸਿੰਘ, ਲਾਹੌਰ ਤੋਂ ਸ਼ੁਰੂ ਕੀਤਾ। ਉਹਨਾਂ ਨੇ ਦੀਵਾਨ ਸਿੰਘ ਮਹਿਰਮ ਦੇ ਸਹਿਯੋਗ ਨਾਲ ਇਕ ਪੁਸਤਕ 'ਬਾਬਾ ਮੱਖਣ ਸ਼ਾਹ ਲੁਬਾਣਾ' 1943 ਈ. ਵਿਚ ਲਿਖੀ। ਇਹ ਪੁਸਤਕ ਲੁਬਾਣਾ ਬਰਾਦਰੀ ਬਾਰੇ ਪਹਿਲੀ ਪੁਸਤਕ ਸੀ ਜਿਸ ਵਿਚ ਇਸ ਬਰਾਦਰੀ ਦੀ ਸਿੱਖ ਧਰਮ ਨੂੰ ਦੇਣ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ।

1950 ਈ. ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹਨਾਂ ਨੇ ਡੇਰਾ ਸੰਤ ਪ੍ਰੇਮ ਸਿੰਘ ਮੁਰਾਲਾ ਦੇ ਮੁੱਖੀ ਤੌਰ ਤੇ ਪ੍ਰਬੰਧ ਸੰਭਾਲਿਆ। ਉਹ ਤਿੰਨ ਵਾਰ ਵਿਧਾਨ ਸਭਾ ਹਲਕਾ ਕਪੂਰਥਲਾ ਤੋਂ ਐਮ.ਐਲ.ਏ. ਬਣੇ। ਉਹਨਾਂ ਨੂੰ 5 ਜੂਨ 1970 ਈ. ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚਲੇ ਮੰਤਰੀ ਮੰਡਲ ਵਿਚ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਬਣਾਇਆ ਗਿਆ। ਉਹਨਾਂ ਨੇ ਇਲਾਕੇ ਵਿਚ ਉਚੇਰੀ ਸਿੱਖਿਆ ਦੇ ਪ੍ਰਸਾਰ ਲਈ ਦੋ ਵਿੱਦਿਅਕ ਸੰਸਥਾਵਾਂ 1969 ਈ. ਨੂੰ ਸਥਾਪਿਤ ਕਰਨ ਵਿਚ ਅਹਿਮ ਯੋਗਦਾਨ ਪਾਇਆ। ਉਸ ਸਮੇਂ ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ ਅਤੇ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ ਸਥਾਪਿਤ ਕੀਤੇ ਗਏ। ਉਹਨਾਂ ਦੁਆਰਾ ਕੀਤੇ ਇਲਾਕੇ ਦੇ ਵਿਕਾਸ ਲਈ ਅਨੇਕਾਂ ਕੰਮਾਂ ਵਿਚ ਸੜਕਾਂ ਬਣਾਉਣਾ, ਵਿੱਦਿਅਕ ਸੰਸਥਾਵਾਂ ਖੋਲਣ ਤੋਂ ਇਲਾਵਾ ਬਿਆਸ ਨਦੀ ਤੇ ਇਕ ਬਹੁਤ ਲੰਮਾ ਧੁੱਸੀ ਬੰਨ ਬਣਵਾ ਕੇ ਇਲਾਕੇ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣਾ ਸੀ। 1981 ਈ. ਵਿਚ ਉਹ ਅਕਾਲ ਚਲਾਣਾ ਕਰ ਗਏ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

ਕਹਾਣੀ

# ਸਿਦਕਾਂ ਦਾ ਸਿਰਨਾਵਾਂ

ਡਾ. ਗੁਰਮਿੰਦਰ ਸਿੱਧੂ

ਬਚਪਨ ਦੀਆਂ ਮਸਤੀਆਂ ਭਰਿਆ ਰਾਂਗਲਾ ਮੌਸਮ ਸੀ, ਮੈਂ ਤੇ ਮੇਰੀ ਛੋਟੀ ਭੈਣ ਨਲਕੇ ਲਾਗੇ ਪਏ ਗਿੱਲੀ ਰੇਤ ਦੇ ਢੇਰ ਕੋਲ ਘਰ-ਘਰ ਖੇਡ ਰਹੀਆਂ ਸਾਂ। ਆਪਣੇ ਇਕ-ਇਕ ਪੈਰ ਉੱਤੇ ਰੇਤ ਜਮਾ ਕੇ ਤੇ ਫਿਰ ਪੋਲੇ ਜਿਹੇ ਡੱਬ ਨਾਲ ਪੈਰ ਬਾਹਰ ਕੱਢ ਕੇ ਅਸੀਂ ਦੋ ਕਮਰੇ ਉਸਾਰ ਲਏ ਸਨ। ਨਿੰਮ ਦੇ ਡੱਕਿਆਂ ਨੂੰ ਬੰਨ੍ਹ ਕੇ ਤਿਆਰ ਕੀਤੀ ਗਿੱਠ ਕੁ ਲੰਬੀ ਸੁਹਣ ਨਾਲ ਚੌਗਿਰਦੇ ਨੂੰ ਬੁਹਾਰਿਆ ਸੀ। ਰੇਤ ਦੀਆਂ ਮਧਰੀਆਂ ਜਿਹੀਆਂ ਵੱਟਾਂ ਬਣਾ ਕੇ ਵਿਹੜੇ ਦੀਆਂ ਕੰਧਾਂ ਖੜ੍ਹੀਆਂ ਕਰ ਲਈਆਂ ਸਨ, ਚੱਪਾ ਕੁ ਜਿੰਨਾ ਖੱਪਾ ਗੇਟ ਵਜੋਂ ਛੱਡ ਲਿਆ ਸੀ, ਇਕ ਗੁੱਠੇ ਕੰਧੋਲੀ ਵੀ ਬਣਾ ਲਈ ਸੀ। ਚੀਕ੍ਹਣੀ ਮਿੱਟੀ ਗੋ-ਗੋ ਕੇ ਢਾਲੇ ਅਤੇ ਸੁਕਾਏ ਖਿਡੌਣਿਆਂ-ਹਾਰ ਚੁੱਲ੍ਹੇ-ਭੜੋਲੀਆਂ ਤੇ ਭਾਂਡੇ ਪਹਿਲਾਂ ਹੀ ਸਾਨੂੰ ਮਿਲੇ ਹੋਏ ਸਨ। ਮਾਚਿਸ ਦੀਆਂ ਖਾਲੀ ਡੱਬੀਆਂ ਦੇ ਪੇਟੀਆਂ ਸੰਦੂਕ ਸਨ, ਫੇਰੀ ਵਾਲੇ ਭਾਈ ਤੋਂ ਖਰੀਦੀ ਚੀਨੀ ਦੀ ਇਕ ਗਾਂ ਤੇ ਵੱਛਾ ਵੀ ਸੀ, ਹੋਰ ਵੀ ਕਈ ਕੁੱਝ ਸੀ। ਅਸੀਂ ਸਾਰਾ ਮਾਲ ਥਾਉਂ-ਥਾਈਂ ਟਿਕਾ ਰਹੀਆਂ ਸਾਂ ਕਿ ਕਿ ਬੀਹੀ ਵਿੱਚੋਂ ਆਪਣੇ ਨਾਂ ਦਾ ਹੋਕਰਾ ਸੁਣਿਆ, ਅਜੇ ਮੈਂ ਉਧਰ ਨੂੰ ਕੰਨ ਚੁੱਕੇ ਹੀ ਸੀ ਕਿ ਧੜੱਕ ਦੇ ਕੇ ਦਰਵਾਜ਼ਾ ਖੁੱਲ੍ਹ ਗਿਆ, "ਬੋਡੇ ਪਾਪਾ ਜੀ ਆ' ਗੇ... ਪਾਪਾ ਜੀ ਆ' ਗੇ"'

ਕੂਕਦਾ ਸਾਡਾ ਚਚੇਰਾ ਭਰਾ ਹੌਂਕਦਾ ਹੋਇਆ ਅੰਦਰ ਆ ਵੜਿਆ, ਉਹ ਬੱਸ-ਅੱਡੇ ਵੱਲੋਂ ਸਿਰਤੋੜ ਭੱਜਿਆ ਆਇਆ ਸੀ ਤੇ ਏਨਾ ਕੁ ਦੱਸ ਕੇ ਫਿਰ ਪਿਛੇ ਵੱਲ ਸ਼ੂਟ ਵੱਟ ਗਿਆ। ਅਸੀਂ ਦੋਵੇਂ ਵੀ ਸਭ ਕੁਝ ਉਵੇਂ ਜਿਵੇਂ ਛੱਡ ਕੇ ਉਧਰ ਨੂੰ ਦੌੜ ਪਈਆਂ। ਸਾਹਮਣੇ ਪਿਆ ਪਿੱਤਲ ਦਾ ਲੋਟਾ ਮੇਰੇ ਠੁੱਡੇ ਨਾਲ ਟੰਨ-ਟੰਨ ਕਰਦਾ ਅੱਗੇ ਅੱਗੇ ਦੌੜਿਆ ਤੇ ਫਿਰ ਇਕ ਪਾਸੇ ਲੁੜ੍ਹਕ ਗਿਆ। ਅੱਡੇ ਤੋਂ ਉਰੇ ਹੀ ਇਕ ਜੱਥਾ ਤੁਰਿਆ ਆਉਂਦਾ ਸੀ, ਸਿਰ ਉੱਤੇ ਟਰੰਕ ਚੁੱਕੀ ਨਿੱਧਰਿਆਂ ਦਾ 'ਗੇਂਦੀ', ਪਿੱਛੇ ਪਿੱਛੇ ਮੋਢੇ ਉੱਤੇ ਬੈਗ ਲਟਕਾਈ ਫੌਜੀ ਵਰਦੀ ਵਿੱਚ ਪਾਪਾ ਜੀ ਸੂਬੇਦਾਰ ਮੇਜਰ ਕਰਨੈਲ ਸਿੰਘ, ਉਨ੍ਹਾਂ ਦੇ ਆਸੇ-ਪਾਸੇ ਪਿੰਡ ਵਿੱਚੋਂ ਲੱਗਦੇ ਸਾਡੇ ਤਾਏ, ਚਾਚੇ, ਭਰਾ, ਬਾਬੇ ਤੇ ਮਗਰ ਖੜਮਸਤੀਆਂ ਕਰਦੇ ਆਉਂਦੇ ਸਾਡੇ ਹਾਣੀ। ਅਸੀਂ ਇਕ ਦੂਜੇ ਤੋਂ ਮੂਹਰੇ ਭੱਜ ਕੇ ਪਾਪਾ ਜੀ ਨੂੰ ਚਿੰਬੜ ਗਈਆਂ।

"ਓਇ ਬੱਲੇ ਬੱਲੇ..." ਕਹਿੰਦਿਆਂ ਉਨ੍ਹਾਂ ਸਾਨੂੰ ਘੁੱਟ ਕੇ ਸੀਨੇ ਨਾਲ ਲਾਇਆ ਤੇ ਫਿਰ ਹੱਸਦਿਆਂ-ਹੱਸਦਿਆਂ ਬਗਲਾਂ ਤੋਂ ਚੁੱਕ ਕੇ ਹੂਟਾ ਜਿਹਾ ਦੇ ਦਿੱਤਾ। ਹੁਣ ਉਨ੍ਹਾਂ ਦੀ ਸੱਜੀ ਖੱਬੀ ਬਾਂਹ ਨਾਲ ਝੂਲ-ਝੂਲ ਕੇ ਮੜਕ ਨਾਲ ਪੱਬ ਚੁੱਕਦੀਆਂ ਅਸੀਂ ਜਿਵੇਂ ਕੋਈ ਰਾਜਕੁਮਾਰੀਆਂ ਸਾਂ। ਬੇਬੇ ਹੋਰਾਂ ਨੇ ਬੈਠਕ ਖੋਲ੍ਹ ਕੇ ਵਾਧੂ ਕੁਰਸੀਆਂ ਮੂੜ੍ਹੇ ਡਾਹ ਦਿੱਤੇ ਸਨ, ਸਾਰੇ ਜਣੇ ਆ ਕੇ ਉਥੇ ਸੱਜ ਗਏ। ਪਹਿਲਾਂ ਖ਼ੈਰ-ਸੁੱਖ ਪੁੱਛਣ ਵਰਗੀਆਂ ਗੱਲਾਂ-ਬਾਤਾਂ ਤੇ ਫਿਰ ਠਹਾਕਿਆਂ ਦੇ ਫੁਹਾਰੇ ਫੁੱਟਣ ਲੱਗੇ। ਲੂੰਬੇ ਵਾਲੇ ਚੁੱਲ੍ਹੇ ਉੱਤੇ ਧਰੀ ਵਲਟੋਹੀ ਵਿੱਚ ਚਾਹ ਉੱਬਲਣ ਲੱਗ ਪਈ ਸੀ, ਬੀਜੀ ਤੇ ਭੂਆ ਜੀ ਚੌਂਕੇ ਵਿੱਚ ਆਹਰ-ਪਾਹਰ ਕਰ ਰਹੀਆਂ ਸਨ, ਅਸੀਂ ਦੋਵੇਂ ਭੈਣਾਂ ਕਾਂਸੀ ਦੇ ਥਾਲਾਂ ਵਿੱਚ ਪਾਣੀ ਦੇ ਗਲਾਸ ਤੇ ਚਾਹ ਦੀਆਂ ਪਿਆਲੀਆਂ ਟਿਕਾ ਕੇ ਬੈਠਕ ਅਤੇ ਚੌਂਕੇ ਵਿਚਾਲੇ ਭੰਬੀਰੀਆਂ ਬਣੀਆਂ ਹੋਈਆਂ ਸਾਂ। ਉਹ ਰੂਹਾਂ ਨੂੰ ਰੰਗਣ ਵਾਲਾ ਕੋਈ ਅਲਬੇਲਾ ਆਲਮ ਸੀ, ਅਸੀਂ ਚਾਅ ਨਾਲ ਲਟਬੌਰੀਆਂ ਹੋ ਰਹੀਆਂ ਸਾਂ, ਘਰ ਹੋਰ ਦਾ ਹੋਰ ਬਣ ਗਿਆ ਸੀ, ਘਰ ਵਿੱਚ ਹਾਸਿਆਂ ਦੀ ਰੁੱਤ ਉੱਤਰ ਆਈ ਸੀ।

ਇਹ ਰੁੱਤ ਹਰ ਸਾਲ ਆਉਂਦੀ, ਸਾਰੇ ਅਗਵਾੜ, ਸਗੋਂ ਸਾਰੇ ਪਿੰਡ ਵਿੱਚ, ਕਿਸੇ ਚਿਰ-ਉਡੀਕੇ ਉਤਸਵ ਵਾਂਗ, ਜਦੋਂ ਪਾਪਾ ਜੀ ਫੌਜ ਵਿੱਚੋਂ ਦੋ ਮਹੀਨੇ ਦੀ ਛੁੱਟੀ ਆਉਂਦੇ ਸਨ। ਉਹਨੀਂ ਦਿਨੀਂ ਘਰ ਵਿੱਚ ਹਰ ਵਕਤ ਗਹਿਮਾ-ਗਹਿਮੀ ਰਹਿੰਦੀ, ਇਕ ਤੁਰਦਾ, ਦੂਜਾ ਆ ਜਾਂਦਾ, ਚਾਹ ਦਾ ਦੇਗਾ ਚੜ੍ਹਿਆ ਰਹਿੰਦਾ, ਮੀਟ-ਮੁਰਗਾ ਰਿੱਝਦੇ ਰਹਿੰਦੇ, ਚੁੱਲ੍ਹੇ ਉੱਤੇ ਮੰਡਿਆਂ ਦੀਆਂ ਥੱਬੀਆਂ ਲਹਿੰਦੀਆਂ, ਬੈਠਕ ਵਿੱਚ ਫੌਜ ਦੇ ਕਿੱਸੇ-ਕਹਾਣੀਆਂ ਤੇ ਪਿੰਡ ਦੇ ਦੁੱਖ-ਸੁਖ ਚਰਚਿਤ ਹੁੰਦੇ, ਵਿਹੜਾ ਕਹਿਕਹਿਆਂ ਨਾਲ ਛਣਕਦਾ ਰਹਿੰਦਾ। ਪਾਪਾ ਜੀ ਦੇ ਜਾਂਦਿਆਂ ਹੀ ਉੱਛਲ-ਉੱਛਲ ਕੇ ਵਗਦੀਆਂ ਲਹਿਰਾਂ ਠਹਿਰਾਅ ਵਿੱਚ ਆ ਜਾਂਦੀਆਂ, ਘਰ ਇਕ ਸ਼ਾਂਤ ਸਮੁੰਦਰ ਹੋ ਜਾਂਦਾ, ਜ਼ਿੰਦਗੀ ਆਪਣੀ ਪਹਿਲੀ ਤੋਰੇ ਤੁਰਨ ਲੱਗਦੀ। ਆਪਣੀ ਸਖੀਆਂ ਦੇ ਬਾਪੂਆਂ ਨੂੰ ਪਿੰਡ ਵਿੱਚ ਘੁੰਮਦੇ-ਫਿਰਦੇ ਦੇਖ ਕੇ ਅਸੀਂ ਮਸੋਸੀਆਂ ਜਿਹੀਆਂ ਜਾਂਦੀਆਂ, ਆਪਣਾ ਕੋਈ ਹਿੱਸਾ ਗੁਆਚ ਗਿਆ ਲੱਗਦਾ। ਪਰ ਪਾਪਾ ਜੀ ਜਦੋਂ ਆਉਂਦੇ ਅਗਲੀ ਪਿਛਲੀ ਸਾਰੀ ਕਸਰ ਕੱਢ ਦਿੰਦੇ, ਗੱਲੇ-ਕੱਥੇ ਪਿਆਰ ਲੁਟਾਉਂਦੇ, ਸਾਨੂੰ ਦੋਵਾਂ ਭੈਣਾਂ ਨੂੰ ਸੈਰਾਂ ਕਰਵਾਉਂਦੇ, ਏਨੀਆਂ ਸੈਰਾਂ... ਕਿ ਸਾਡੀਆਂ ਸਖੀਆਂ ਸਾਡੇ ਵੱਲ ਹਸਰਤ ਜਿਹੀ ਨਾਲ ਝਾਂਕਦੀਆਂ, ਉਨ੍ਹਾਂ ਦੇ ਬਾਪੂ ਪਾਪਾ ਜੀ ਵਾਂਗ ਲਾਡੀਆਂ-ਮਾਡੀਆਂ ਵੀ ਤਾਂ ਨਹੀਂ ਕਰਦੇ ਸਨ। ਪਾਪਾ ਜੀ ਦੇ ਲਿਆਂਦੇ ਕੱਚ ਦੇ ਜਾਰਾਂ ਵਿਚਲੀਆਂ ਜੈਮ-ਗੋਲੀਆਂ ਤੇ ਅਖਰੋਟਾਂ ਦੀਆਂ ਮੁੱਠਾਂ ਭਰ-ਭਰ ਕੇ ਬਾਲਾਂ ਨੂੰ ਵੰਡਦੀ ਮਾਂ ਕੋਈ ਸ਼ਾਹਣੀ ਹੁੰਦੀ। ਜਦੋਂ ਉਹ ਟੀਨ ਦੇ ਡੱਬੇ ਖੋਲ੍ਹ ਕੇ ਰਸ-ਭਿੱਜੇ ਅਨਾਨਾਸ ਦੀਆਂ ਗੋਲ-ਗੋਲ ਟੁਕੜੀਆਂ ਵਰਤਾਉਂਦੇ ਤਾਂ ਚੂਸ-ਚੂਸ ਕੇ ਖਾਂਦੀਆਂ ਨੂੰ ਸਾਨੂੰ ਪੂਰੀ ਕਾਇਨਾਤ ਸੁਆਦ-ਸੁਆਦ ਲੱਗਦੀ। ਉਨ੍ਹਾਂ ਦੇ ਜਾਣ ਬਾਅਦ ਵੀ ਇਹ ਵਾਤੀਆਂ ਹਾਣੀਆਂ ਵਿੱਚ ਸਾਡੀ ਸਰਦਾਰੀ ਬੁਲੰਦ ਰੱਖਦੀਆਂ ਸਨ। ਨੇੜਲੀ ਕਿਸੇ ਛਾਉਣੀ ਵਿੱਚ ਉਨ੍ਹਾਂ ਨੂੰ ਕੁਆਟਰ ਮਿਲਿਆ ਹੁੰਦਾ ਤਾਂ ਵੱਡੇ ਦਿਨਾਂ ਦੀਆਂ ਛੁੱਟੀਆਂ ਉਨ੍ਹਾਂ ਕੋਲ ਹੀ ਗੁਜ਼ਰਦੀਆਂ। ਸਾਡੇ ਜਾਂਦਿਆਂ ਹੀ ਉਹ ਭਾਨ ਨਾਲ ਨੱਕੋ-ਨੱਕ ਭਰਿਆ ਡੋਰਿਆਂ-ਕਟਾਵਾਂ ਵਾਲਾ ਝੋਲਾ ਮੇਰੇ ਹੱਥ ਫੜਾ ਦਿੰਦੇ, ਅਸੀਂ ਨਿੱਤ ਉਹਦੇ ਵਿੱਚੋਂ ਪੈਸੇ ਕੱਢਦੀਆਂ, ਸਹੇਲੀਆਂ ਨਾਲ ਨੇੜਲੀਆਂ ਦੁਕਾਨਾਂ ਤੋਂ ਅੰਬ-ਪਾਪੜ ਤੇ ਹੋਰ ਚਟਪਟੀਆਂ ਚੀਜ਼ਾਂ ਖਰੀਦਦੀਆਂ ਤੇ ਚਟਾਖੇ ਮਾਰ-ਮਾਰ ਖਾਂਦੀਆਂ, ਕਦੀ ਬਲੌਰੀ ਬੰਟੇ ਖਰੀਦ ਕੇ ਪਿਲ-ਚੋਟ ਖੇਡਦੀਆਂ ਰਹਿੰਦੀਆਂ। ਛੁੱਟੀਆਂ ਮੁੱਕ ਜਾਂਦੀਆਂ, ਪਰ ਇਹ ਭਾਨ ਨਾ ਮੁੱਕਦੀ, ਆਉਣ ਵੇਲੇ ਮੈਂ ਇਹ ਅੱਧ-ਖਾਲੀ ਜਿਹਾ ਝੋਲਾ ਉਨ੍ਹਾਂ ਨੂੰ ਫੜਾ ਦਿੰਦੀ ਤੇ ਉਹ 'ਹਈ ਸ਼ਾਵਾਸ਼ੇ...' ਕਹਿੰਦੇ ਹੋਏ ਇਹਨੂੰ ਆਪਣੀ

ਅਲਮਾਰੀ ਦੇ ਉਪਰਲੇ ਖਾਨੇ ਵਿੱਚ ਰੱਖ ਦਿੰਦੇ। ਯਾਦਾਂ ਦੀ ਭਾਨ ਆਪਣੇ ਅੰਦਰ ਸਮੇਟੀ ਬੈਠਾ ਉਹ ਘਸਮੈਲਾ ਹੋ ਚੁੱਕਾ ਝੋਲਾ ਅਜੇ ਤੱਕ ਮੇਰੇ ਕੋਲ ਸਾਂਭਿਆ ਪਿਆ ਹੈ।

ਛਾਉਣੀਆਂ ਵਿੱਚ ਵੀ ਉਨ੍ਹਾਂ ਦੀ ਵਾਹਵਾ ਭੱਲ ਸੀ, ਸਾਡੇ ਉਥੇ ਜਾਣ ਵੇਲੇ ਘਰ-ਘਰ ਰੋਟੀਆਂ ਭੇਜੀਆਂ ਜਾਂਦੀਆਂ, ਫ਼ੌਜੀ ਅੰਕਲ ਤੇ ਅਰਦਲੀ ਨੂੰ ਉਨ੍ਹਾਂ ਦੀ ਬੀਰਤਾ ਤੇ ਭਾਈਚਾਰਕ ਸਾਂਝ ਦੇ ਕਿੱਸੇ ਸੁਣਾਉਂਦੇ ਰਹਿੰਦੇ।

ਸਹੇਲੀਆਂ ਦੀ ਰੀਸੇ ਅਸੀਂ ਉਨ੍ਹਾਂ ਨੂੰ ਕਦੀ 'ਪਾਪਾ ਜੀ', ਕਦੀ 'ਬਾਪੂ ਜੀ', ਕਦੀ 'ਬਾਊ ਜੀ' ਤੇ ਕਦੀ 'ਭਾਪਾ ਜੀ' ਆਖਦੀਆਂ, ਪਰ ਉਨ੍ਹਾਂ ਨੇ ਕਦੀ ਵੀ ਨਹੀਂ ਸੀ ਟੋਕਿਆ, ਸਗੋਂ ਜੋ ਕੁੱਝ ਅਸੀਂ ਬਣਾਉਣਾ ਚਾਹਿਆ ਸੀ, ਉਹੀ ਉਹ ਬਣ ਗਏ ਸਨ।

ਮੇਰਾ ਗਿਆਨ-ਬੋਧ ਵਸੀਹ ਕਰਨ ਲਈ ਉਨ੍ਹਾਂ ਨੇ ਮੇਰੇ ਨਿੱਕੀ ਹੁੰਦੀ ਤੋਂ ਹੀ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਜੇ ਅੱਖਰ ਉਠਾਉਣੇ ਹੀ ਸਿੱਖੇ ਸੀ ਮੈਂ, ਕਿ ਉਨ੍ਹਾਂ ਨੇ 'ਬਾਲ ਸੰਦੇਸ਼', 'ਬਾਲਕ', 'ਕੋਮਲ ਸੰਸਾਰ' ਰਿਸਾਲੇ ਲਗਵਾ ਦਿੱਤੇ, ਵੱਡੀ ਹੋਈ ਤਾਂ ਇਹ 'ਪ੍ਰੀਤ ਲੜੀ', 'ਆਰਸੀ', 'ਕਵਿਤਾ' ਵਿੱਚ ਵਟ ਗਏ।

ਜਦੋਂ ਮੈਂ ਖ਼ੁਦ ਕਵਿਤਾ ਲਿਖਣ ਲੱਗੀ ਤਾਂ ਉਨ੍ਹਾਂ ਵੱਲੋਂ ਮਿਲਦੀ 'ਹੱਲਾਸ਼ੇਰੀ' ਮੇਰੇ ਪਰਾਂ ਵਿਚ ਹੋਰ ਉਚੇਰੀ ਪਰਵਾਜ਼ ਧਰ ਦਿੰਦੀ। ਮੇਰੇ ਉਡਾਰ ਹੋਣ ਤੱਕ ਤਾਂ ਉਹ ਸੇਵਾ-ਮੁਕਤ ਹੋ ਕੇ ਘਰ ਵੀ ਆ ਗਏ ਸਨ। ਮੇਰੀਆਂ ਛਪੀਆਂ ਰਚਨਾਵਾਂ ਵਾਲੇ ਅਖ਼ਬਾਰ ਕੱਛੇ ਮਾਰ ਕੇ ਸਾਰੇ ਪਿੰਡ ਵਾਸੀਆਂ ਨੂੰ ਹੁੱਬ-ਹੁੱਬ ਕੇ ਦਿਖਾਉਂਦੇ ਫਿਰਦੇ। ਜਿਸ ਦਿਨ ਰੇਡੀਓ/ਦੂਰਦਰਸ਼ਨ ਉੱਤੇ ਮੇਰਾ ਪ੍ਰੋਗਰਾਮ ਆਉਣਾ ਹੁੰਦਾ, ਉਸ ਦਿਨ ਤਾਂ ਗਿੱਠ-ਗਿੱਠ ਉੱਚੇ ਹੋ ਕੇ ਤੁਰਦੇ ਹੋਏ ਆਂਢੀਆਂ-ਗੁਵਾਂਢੀਆਂ ਨੂੰ ਦੱਸਦੇ, ਦੂਰ-ਦੁਰਾਡੇ ਦੇ ਰਿਸ਼ਤੇਦਾਰਾਂ ਨੂੰ ਵੀ ਉਸ ਸਮੇਂ ਰੇਡੀਓ/ਟੀ.ਵੀ. ਲਗਾਉਣ ਵਾਸਤੇ ਸੁਨੇਹੇ ਭੇਜਦੇ। ਉਹ ਆਪ ਵੀ ਸ਼ੇਅਰੋ-ਸ਼ਾਇਰੀ ਦਾ ਅਮੁੱਕ ਜ਼ਖੀਰਾ ਸਨ, ਐਨ ਵਕਤ ਸਿਰ ਬੋਲਿਆ ਉਨ੍ਹਾਂ ਦਾ ਢੁਕਵਾਂ ਸ਼ਿਅਰ ਸੁਣਨ ਵਾਲਿਆਂ ਨੂੰ ਦੰਗ ਕਰ ਦਿੰਦਾ। ਪਿੰਡ ਦੇ ਮੁੰਡੇ-ਖੁੰਡੇ ਉਨ੍ਹਾਂ ਦੀ ਮਹਿਫ਼ਿਲ ਮਾਣਨ ਲਈ ਅਕਸਰ ਸਾਡੀ ਬੈਠਕ ਵਿੱਚ ਇਕੱਠੇ ਹੋਏ ਰਹਿੰਦੇ। ਉਮਦਾ ਸ਼ਿਅਰਾਂ, ਉੱਤਮ ਵਿਚਾਰ-ਟੂਕਾਂ ਤੇ ਉਨ੍ਹਾਂ ਦੀਆਂ ਆਪਣੀਆਂ ਨਜ਼ਮਾਂ ਨਾਲ ਭਰੀ ਹੋਈ ਕਾਲੀ ਡਾਇਰੀ ਮੇਰੀ ਸਭ ਤੋਂ ਅਮੀਰ ਜਾਇਦਾਦ ਹੈ, ਇਹੋ ਜਿਹੀ ਹੀ ਅਮੀਰ ਜਾਇਦਾਦ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਮਿਲੇ ਤਗਮੇ, ਚਾਂਦੀ ਦੇ ਗਲਾਸ ਤੇ ਕੁਝ ਬਹੁਮੁੱਲੀਆਂ ਕਿਤਾਬਾਂ। ਉਚ-ਪਾਇ ਦਾ ਸਾਹਿਤ ਪੜ੍ਹਨ ਦਾ ਤਾਂ ਉਨ੍ਹਾਂ ਨੂੰ ਹੱਦੋਂ ਵੱਧ ਜਨੂੰਨ ਸੀ, ਹਰ ਪੰਦਰਵਾੜੇ ਪਿੰਡ ਤੋਂ ਲੁਧਿਆਣੇ ਸੈਂਟਰਲ ਲਾਇਬਰੇਰੀ ਜਾਂਦੇ, ਪਹਿਲੀਆਂ ਕਿਤਾਬਾਂ ਮੋੜ ਕੇ ਨਵੀਆਂ ਲੈ ਆਉਂਦੇ। ਕਿਤੇ ਵਾਂਢੇ ਜਾਂਦੇ ਤਾਂ ਉਨ੍ਹਾਂ ਦੇ ਬੈਗ ਵਿੱਚ ਇਕ ਕੁੜਤਾ-ਪਜਾਮਾ, ਇਕ ਜੋੜਾ ਚਪਲਾਂ, ਟੁੱਥ-ਬੁਰਸ਼, ਤੌਲੀਆ ਤੇ ਦੋ ਕਿਤਾਬਾਂ ਹੁੰਦੀਆਂ। ਆਖ਼ਰੀ ਦੋ ਕਿਤਾਬਾਂ ਤਾਂ ਉਨ੍ਹਾਂ ਦੇ ਸਦਾ ਲਈ ਤੁਰ ਜਾਣ ਬਾਅਦ ਅਸੀਂ ਆਪ ਕਾਰਡ ਸਮੇਤ ਲਾਇਬ੍ਰੇਰੀ ਵਿੱਚ ਜਮ੍ਹਾ ਕਰਵਾ ਕੇ ਆਏ ਸਾਂ।

ਨੌਵੀਂ-ਦਸਵੀਂ ਤੱਕ ਪਹੁੰਚਦਿਆਂ ਅਲਮਾਰੀਆਂ ਵਿੱਚ ਪਏ ਉਸਾਰੂ ਸਾਹਿਤ ਨੇ ਮੈਨੂੰ ਚੰਗੇ-ਮੰਦੇ ਦੀ ਸੋਝੀ ਕਰਵਾ ਦਿੱਤੀ ਸੀ। ਇਨ੍ਹਾਂ ਕਿਤਾਬਾਂ ਵਿੱਚ ਬਹੁਤ ਕੁੱਝ ਕਰਜ਼ੇ ਦੇ ਸਤਾਏ ਲੋਕਾਂ ਬਾਰੇ ਸੀ, ਸ਼ਾਹਾਂ-ਸ਼ਾਹੂਕਾਰਾਂ ਦੀ ਲੁੱਟ ਬਾਰੇ ਸੀ। ਇਕ ਦਿਨ ਮੈਂ ਬਰਾਂਡੇ ਵਿੱਚ ਪਈ ਪੜ੍ਹਾ ਰਹੀ ਸਾਂ ਕਿ ਪਿਛਲੇ ਅੰਦਰ ਘੁਸਰਮੁਸਰ ਜਿਹੀ ਸੁਣੀ। ਘਰਾਂ ਵਿੱਚੋਂ ਲੱਗਦੀ ਤਾਈ ਮੇਰੇ ਬੀ ਜੀ ਨੂੰ ਕਹਿ ਰਹੀ ਸੀ, "ਹੱਥ ਬਾਹਲਾ ਈ ਤੰਗ ਐ ਕਰਤਾਰ ਕੁਰੇ। ਜ਼ਰੂਰੀ ਗਰਜ ਆ' ਗੀ, ਜੇ ਕੁਸ਼ ਨਕਦੀ ਦੇ ਦੇਵੇਂ ਤਾਂ... ਵਿਆਜ ਜਿੰਨਾ ਤੂੰ ਕਹੇਂ..." ਕੁੱਝ ਦੇਰ ਬਾਅਦ ਬੀ ਜੀ ਦੀ ਲੋਹੇ ਦੀ ਪੇਟੀ ਖੁੱਲ੍ਹਣ ਦਾ ਖੜਾਕ ਹੋਇਆ।

ਮੈਂ ਭੁਗੋਲ ਉਥੇ ਈ ਮੂਧਾ ਮਾਰ ਕੇ ਬਕੈਣ ਵੱਲ ਨੱਸੀ, ਜਿਹਦੀ ਡੱਬ-ਖੜੱਬੀ ਛਾਵੇਂ ਪਾਪਾ ਜੀ ਸੈਨਿਕ-ਸਮਾਚਾਰ ਪੜ੍ਹ ਰਹੇ ਸਨ। ਉਨ੍ਹਾਂ ਦੇ ਕੋਲ ਜਾ ਕੇ ਬੋਲਿਆ ਹੀ ਨਾ ਜਾਵੇ, ਗੱਚ ਨੱਕੋ-ਨੱਕ ਭਰਿਆ ਹੋਇਆ, ਟੱਪ-ਟੱਪ ਹੰਝੂ ਕਿਰਨ ਲੱਗ ਪਏ, ਹਟਕੋਰਿਆਂ ਵਿੱਚ ਹੀ ਦੱਸ ਹੋਇਆ, "ਤਾਈ ਜੀ ਦੇ ਘਰ ਚੱਜ ਨਾਲ ਰੋਟੀ ਨਹੀਂ ਪੱਕਦੀ ਤੇ ਬੀ ਜੀ ਵਿਆਜੂ..."

ਪਾਪਾ ਜੀ ਉਨ੍ਹੀਂ ਪੈਰੀਂ ਉਠ ਕੇ ਬਾਟਾ-ਚਪਲਾਂ ਘੜੀਸਦੇ ਮੇਰੇ ਨਾਲ ਤੁਰ ਪਏ, ਤਾਈ ਖੀਸੇ ਵਿੱਚ ਟਾਕੀ ਟੁੰਗਦੀ ਜਾ ਰਹੀ ਸੀ।

"ਸੁਣੀਂ ਭਾਬੀ ਦਲੀਪ ਕੁਰੇ ! ਆਹ ਜਿਹੜਾ ਮਾਲ-ਮੱਤਾ ਲਈ ਜਾਨੀ ਐਂ, ਮੋੜਨ ਦੀ ਲੋੜ ਨਹੀਂ ਤੈਨੂੰ, ਜਿਵੇਂ ਮਰਜ਼ੀ ਵਰਤੀਂ..." ਤਾਈ ਜੀ ਤੇ ਬੀਜੀ ਹੱਕੀਆਂ-ਬੱਕੀਆਂ ਖੜ੍ਹੀਆਂ ਸਨ। "ਹੁਣ ਠੀਕ ਐ...?" ਪਾਪਾ ਜੀ ਨੇ ਮੇਰੀ ਗੱਲ੍ਹ 'ਤੇ ਪਟੋਕੀ ਜਿਹੀ ਮਾਰੀ।

ਉਹ ਤਸੱਲੀ, ਉਹ ਤਸਕੀਨ ਵੀ ਮੈਨੂੰ ਕੱਲ੍ਹ ਵਾਂਗ ਚੇਤੇ ਐ, ਏਦਾਂ ਲੱਗਿਆ ਸੀ ਜਿਵੇਂ ਮੈਂ ਸਾਰਾ ਜਹਾਨ ਫਤਹਿ ਕਰਕੇ ਸਿਕੰਦਰ ਹੋ ਗਈ ਹੋਵਾਂ।

ਮੇਰੀ ਮੈਡੀਕਲ ਦੀ ਪੜ੍ਹਾਈ ਹਿੱਤ ਲੋੜੀਂਦੀਆਂ ਫ਼ੀਸਾਂ ਵਾਸਤੇ ਉਨ੍ਹਾਂ ਨੂੰ ਹੱਡ-ਭੰਨਵੀਂ ਮੁਸ਼ੱਕਤ ਕਰਨੀ ਪਈ ਸੀ। ਭਾਵੇਂ ਆਨਰੇਰੀ ਕੈਪਟਨ ਰੀਟਾਇਰ ਹੋਏ ਸਨ, ਪਰ ਏਨੀ ਕੁ ਪੈਨਸ਼ਨ ਤਾਂ ਘਰ ਦੇ ਖੱਲਾਂ-ਖੂੰਜਿਆਂ ਵਿੱਚ ਹੀ ਵੜ ਜਾਂਦੀ। ਉਹ ਤੜਕੇ-ਤੜਕੇ ਬਾਲਣ ਲਈ ਕਾਨੇ ਵੱਢਣ ਜਾਂਦੇ, ਜਦੋਂ ਦਿਨ ਚੜ੍ਹੇ ਪਰਤਦੇ ਤਾਂ ਕੰਡ ਲੜ- ਲੜ ਕੇ ਗੋਰੀਆਂ-ਗੋਰੀਆਂ ਬਾਹਾਂ ਕੂਹਣੀਆਂ ਤੱਕ ਗੂੜ੍ਹੀਆਂ-ਗੁਲਾਬੀ ਤੇ ਧੱਫੜੋ-ਧੱਫੜੀ ਹੋਈਆਂ ਹੁੰਦੀਆਂ, ਫਿਰ ਕਦੀ ਝੱਜਰ ਦੇ ਸੀਤ ਪਾਣੀ ਨਾਲ ਧੋਂਦੇ, ਕਦੀ ਸਰ੍ਹੋਂ ਦਾ ਤੇਲ ਮਲਦੇ। ਕੱਚੇ ਕੋਠੇ 'ਤੇ ਪਾਉਣ ਲਈ ਗਸਰਾ ਵੀ ਆਪ ਹੀ ਢਿਗਾਂ ਤੋਂ ਲੈ ਕੇ ਆਉਂਦੇ, ਆਪ ਹੀ ਟੋਕਰਾ ਸਿਰ 'ਤੇ ਰੱਖਕੇ ਲੱਕੜ ਦੀ ਪੌੜੀ ਚੜ੍ਹਦੇ, ਇਕ ਵਾਰ ਤਾਂ ਪੀੜ ਨਾਲ ਕੜਵੱਲਾਂ ਜਿਹੀਆਂ ਖਾਂਦੇ ਹੇਠਾਂ ਉਤਰੇ ਸਨ, ਹਲਦੀਵੰਨਾ ਮੁੱਖ, ਤ੍ਰੇਲੀਓ-ਤ੍ਰੇਲੀ ਠੰਢਾ-ਠਾਰ ਮੱਥਾ, ਘਰੇ ਡਾਕਟਰ ਲਿਆਉਣਾ ਪਿਆ ਸੀ। ਪਰ ਕੁੱਝ ਦਿਨਾਂ ਬਾਅਦ ਹੀ ਰੰਬਾ-ਪੱਲੀ ਚੁੱਕ ਕੇ ਮੱਝ ਲਈ ਘਾਹ ਖੋਤਣ ਤੁਰ ਪਏ ਸਨ। ਸਰੀਰ ਉਨ੍ਹਾਂ ਦਾ ਨਰਮ ਹੀ ਸੀ, ਪਰ ਇੱਛਾ ਸ਼ਕਤੀ ਅੰਬਰ ਨਾਲ ਬਰ ਮੇਚਦੀ ਸੀ। ਕਦੀ ਕਿੰਨੀਆਂ ਸਾਰੀਆਂ ਮੱਝਾਂ ਖਰੀਦ ਕੇ ਤੇ ਭਈਆ ਰੱਖ ਕੇ ਦੁੱਧ ਤੋਂ ਆਮਦਨ ਭਾਲਦੇ, ਕਦੀ ਜੀਪਾਂ ਖਰੀਦ ਕੇ ਜਗਰਾਉਂ ਤੋਂ ਸਵੇਰੇ-ਸਵੇਰੇ ਤਾਜ਼ੀਆਂ ਸਬਜ਼ੀਆਂ ਲਿਆ ਕੇ ਹਟਵਾਣੀਆਂ ਨੂੰ ਦਿੰਦੇ, ਕਦੀ ਕੋਈ ਹੋਰ ਓੜ੍ਹ-ਪੋੜ੍ਹ ਕਰਦੇ। ਮੈਂ ਉਨ੍ਹਾਂ ਨੂੰ ਕਈ ਸਾਰੇ ਪਾਪੜ ਵੇਲਦਿਆਂ ਦੇਖਦੀ, ਤਾਂ ਕੋਈ ਨਾ ਕੋਈ ਵਜ਼ੀਫਾ-ਪ੍ਰੀਖਿਆ ਦਿੰਦੀ ਰਹਿੰਦੀ, ਇਉਂ ਕਿਤੋਂ ਨਾ ਕਿਤੋਂ ਖਰਚੇ ਦਾ ਜੁਗਾੜ ਹੋ ਜਾਂਦਾ। ਪਰ ਉਹ ਥੋੜ੍ਹਾ ਕੀਤੇ ਕਿਸੇ ਤੰਗੀ-ਤੁਰਸ਼ੀ ਦੀ ਭਾਫ ਨਹੀਂ ਕੱਢਦੇ ਸਨ, ਸਗੋਂ ਹਮੇਸ਼ਾ ਹੱਸਦੇ ਖਿੜਖਿੜਾਉਂਦੇ ਰਹਿੰਦੇ, ਨਾ ਹੀ ਕਿਸੇ ਲੋੜਵੰਦ ਦੀ ਇਮਦਾਦ ਕਰਨ ਵੇਲੇ ਉਨ੍ਹਾਂ ਦੇ ਮੱਥੇ ਉੱਤੇ ਕੋਈ ਤਿਊੜੀ ਹੁੰਦੀ, ਪਿੰਡ ਵਾਲਿਆਂ ਨੂੰ ਏਹੀ ਲੱਗਦਾ ਰਹਿੰਦਾ ਕਿ ਉਨ੍ਹਾਂ

ਵਰਗਾ ਦੌਲਤਮੰਦ ਤੇ ਖੁਸ਼ਹਾਲ ਬੰਦਾ ਹੋਰ ਕੋਈ ਹੈ ਹੀ ਨਹੀਂ। ਵੈਸੇ ਇਹ ਖੁਸ਼ਹਾਲੀਆਂ ਉਦੋਂ ਹੀ ਆਈਆਂ ਸਨ, ਜਦੋਂ ਸਾਡੀ ਦੋਵਾਂ ਭੈਣਾਂ ਦੀ ਪੜ੍ਹਾਈ ਮੁੱਕ ਗਈ ਸੀ ਤੇ ਸਾਡੇ ਹੱਥ ਪੀਲੇ ਹੋ ਗਏ ਸਨ। ਪਰ ਉਸ ਤੋਂ ਬਾਅਦ ਵੀ, ਜਿਵੇਂ ਅਕਸਰ ਮਾਪੇ ਸੁਰਖਰੂ ਹੋ ਜਾਂਦੇ ਹਨ, ਉਨ੍ਹਾਂ ਸਾਡੀ ਮੱਦਦ ਤੋਂ ਕਿਨਾਰਾ ਨਹੀਂ ਸੀ ਕੀਤਾ, ਜਦੋਂ ਵੀ ਵਖਤ ਨੇ ਔਖਾ ਸਵਾਲ ਪਾਇਆ ਸੀ ਹਾਜ਼ਰ-ਨਾਜ਼ਰ ਖੜ੍ਹੇ ਸਨ, ਖ਼ਾਸ ਕਰਕੇ ਉਦੋਂ ਜਦੋਂ ਦੋ ਦੋ ਵਾਰ ਚੋਰ ਸਾਡਾ ਘਰ ਖਾਲੀ ਕਰ ਗਏ ਸਨ।

ਜ਼ਿੰਦਗੀ ਦੇ ਸਫ਼ਰ ਵਿੱਚ ਜਦੋਂ ਕਦੀ ਮੈਨੂੰ ਤੇ ਮੇਰੇ ਹਮਸਫ਼ਰ ਬਲਦੇਵ ਨੂੰ ਕੜਕਦੀਆਂ ਧੁੱਪਾਂ ਪਰੇਸ਼ਾਨ ਕਰ ਦਿੰਦੀਆਂ ਤਾਂ ਅਸੀਂ ਦੋਵੇਂ ਧਰਤੀ ਦੇ ਉਸ ਟੁਕੜੇ ਵੱਲ ਤੁਰ ਪੈਂਦੇ ਸਾਂ, ਜਿੱਥੇ ਪਾਪਾ ਜੀ ਦਾ ਸੰਘਣੇ ਬੋਹਣ ਵਰਗਾ ਹੱਥ ਸਾਨੂੰ ਉਡੀਕਦਾ ਹੁੰਦਾ ਸੀ, ਜਿੱਥੇ ਮਮਤਾ ਦੀ ਮਖਮਲ ਵਿਛੀ ਹੁੰਦੀ ਸੀ।

ਪਾਪਾ ਜੀ "ਓ! ਬੱਲੇ-ਬੱਲੇ" ਕਹਿੰਦੇ ਹੋਏ ਜ਼ੋਰ ਦੀ ਘੁੱਟ ਕੇ ਹਿੱਕ ਨਾਲ ਲਾ ਲੈਂਦੇ। ਫਿਰ ਹਾਲਚਾਲ ਪੁੱਛਦੇ ਹੋਏ ਉਵੇਂ ਹੀ ਕਲਾਵੇ ਵਿੱਚ ਕਸੀ ਬੈਠਕ ਵਿੱਚ ਲੈ ਜਾਂਦੇ, ਜਿੱਥੇ ਕਨਸ ਉੱਤੇ ਉਨ੍ਹਾਂ ਨੇ ਬਦਾਮ ਭੰਨ-ਭੰਨ ਮੇਰੇ ਲਈ ਗਿਰੀਆਂ ਦੀਆਂ ਸ਼ੀਸ਼ੀਆਂ ਭਰ ਕੇ ਰੱਖੀਆਂ ਹੁੰਦੀਆਂ। ਇੱਕ ਸ਼ੀਸ਼ੀ ਦਾ ਢੱਕਣ ਖੋਲ੍ਹ ਕੇ ਮੈਨੂੰ ਫੜਾਉਂਦੇ ਹੋਏ ਉਹ ਸਿਰਹਾਣੇ ਵਾਲੇ ਪਾਸਿਓਂ ਗਦੈਲਾ ਚੁੱਕਦੇ। ਏਥੇ ਬਹੁਤ ਸਾਰੇ ਅਖ਼ਬਾਰਾਂ, ਰਿਸਾਲਿਆਂ ਦੀਆਂ ਕਾਤਰਾਂ ਪਈਆਂ ਹੁੰਦੀਆਂ। ਇਹ ਮੇਰੀਆਂ ਹੀ ਕਵਿਤਾਵਾਂ ਕਹਾਣੀਆਂ ਹੁੰਦੀਆਂ ਜਾਂ ਜੇ ਕਿਸੇ ਨੇ ਮੇਰੇ ਬਾਰੇ ਕੁੱਝ ਲਿਖਿਆ ਹੁੰਦਾ ਉਹ ਵੀ ਤੇ ਕੁੱਝ ਕੁ ਦੁਰਲੱਭ ਤਸਵੀਰਾਂ, ਨਾਲ ਹੀ ਪੰਜਾਬੀ, ਅੰਗਰੇਜ਼ੀ, ਹਿੰਦੀ ਦੀ ਸਾਹਿਤ ਸਮੱਗਰੀ, ਜੋ ਮੇਰੇ ਨਾਲ ਸਬੰਧਿਤ ਨਹੀਂ ਪਰ ਵਿਸ਼ਵ-ਪੱਧਰ ਦੀ ਹੁੰਦੀ ਤੇ ਪਾਪਾ ਜੀ ਚਾਹੁੰਦੇ ਕਿ ਮੈਂ ਉਹ ਪੜ੍ਹਾਂ। ਮੈਂ ਬਦਾਮ ਮੜੱਕਦੀ ਹੋਈ ਹੂੰ ਹਾਂ ਕਰੀ ਜਾਂਦੀ।

ਇਕ ਵਾਰ ਏਵੇਂ ਹੀ ਅੰਦਰ ਜਾ ਕੇ ਬੈਠਣ ਲੱਗੇ ਸੀ ਕਿ ਬੀਬੀ ਨੇ ਚਾਹ ਲਿਆ ਕੇ ਮੇਜ਼ 'ਤੇ ਧਰ ਦਿੱਤੀ। ਮੈਂ ਦੇਖ ਕੇ ਹੈਰਾਨ ਰਹਿ ਗਈ ਕਿ ਟੇਬਲ-ਗਿਲਾਸ ਦੇ ਹੇਠਾਂ 'ਨਾ! ਮੰਮੀ ਨਾ!' ਦੇ ਵਰਕੇ ਵਿਛੇ ਪਏ ਸਨ। ਆਏ-ਗਏ ਨੂੰ ਬਿਸਕੁਟ-ਨਮਕੀਨ ਆਦਿ ਇਸੇ ਮੇਜ਼ 'ਤੇ ਪਰੋਸੇ ਜਾਂਦੇ ਸਨ। ਲੱਸੀ ਜਾਂ ਚਾਹ ਦੀਆਂ ਘੁੱਟਾਂ ਭਰਦਾ ਮਹਿਮਾਨ ਇਹਦੇ ਬਾਰੇ ਹਲਕਾ ਜਿਹਾ ਪੁੱਛਦਾ ਤੇ ਪਾਪਾ ਜੀ ਸਾਰਾ ਬਿਰਤਾਂਤ ਉਹਦੇ ਅੱਗੇ ਖਿਲਾਰ ਦਿੰਦੇ। ਉਨ੍ਹਾਂ ਕੋਲ ਅਕਸਰ ਪਿੰਡ ਵਾਲੇ ਕੋਈ ਫਾਰਮ ਭਰਵਾਉਣ, ਕਿਸੇ ਮੁਕੱਦਮੇ ਬਾਰੇ ਸਲਾਹ ਲੈਣ, ਕਿਸੇ ਨੌਕਰੀ ਵਾਸਤੇ ਅਰਜ਼ੀ ਲਿਖਵਾਉਣ, ਸਕੂਲ ਜਾਂ ਹਸਪਤਾਲ ਲਈ ਸਹਾਇਤਾ ਲੈਣ ਆਏ ਹੀ ਰਹਿੰਦੇ ਸਨ। ਉਹ ਇਸ ਤਰਕੀਬ ਨਾਲ ਅਗਲੇ ਵਿੱਚ ਉਤਸੁਕਤਾ ਜਗਾ ਕੇ ਉਸ ਅੰਦਰ ਧੀਆਂ ਦੀ ਕਦਰਦਾਨੀ ਬੀਜ ਦਿੰਦੇ ਸਨ ਤੇ ਇੰਜ ਉਸ ਨੂੰ ਧੀਆਂ ਬਚਾਉਣ ਦੀ ਮੁਹਿੰਮ ਵਿੱਚ ਸ਼ਾਮਿਲ ਕਰ ਲੈਂਦੇ ਸਨ। ਉਨ੍ਹਾਂ ਦੀ ਇਹ ਕਿੰਨੀ ਹੁਸੀਨ ਅਦਾ ਸੀ ਆਪਣੀ ਧੀ ਦੀ ਝੰਡੇ ਵਾਲੀ ਬਾਂਹ ਨੂੰ ਆਪਣੇ ਹੱਥ ਨਾਲ ਹੋਰ ਉਚੇਰਾ ਚੁੱਕਣ ਦੀ, ਬਾਪ-ਬੇਟੀ ਦੇ ਇਸ ਰਿਸ਼ਤੇ ਦੀ ਬਰਾਬਰੀ ਕੁੱਲ ਆਲਮ ਦਾ ਕਿਹੜਾ ਰਿਸ਼ਤਾ ਕਰ ਸਕਦੈ ਭਲਾ?

ਕਿਸੇ ਦੀ ਸਿਫ਼ਤ ਕਰਨ ਦਾ ਵੀ ਉਨ੍ਹਾਂ ਦਾ ਆਪਣਾ ਮਖ਼ਸੂਸ ਅੰਦਾਜ਼ ਸੀ। ਕੋਈ ਦਾਲ-ਸਬਜ਼ੀ ਪਸੰਦ ਆਉਣੀ ਤਾਂ ਉਨ੍ਹਾਂ ਦੇ ਮੱਥੇ ਉੱਤੇ ਪਸੀਨੇ ਦੇ ਮੋਤੀ ਚਮਕਣ ਲੱਗਦੇ। ਤਾਰੀਫ਼ ਵਿੱਚ ਕੁੱਝ ਬੋਲਣ ਦੀ ਥਾਂ ਉਹ ਮੁਸਕੁਰਾਉਂਦੇ ਹੋਏ ਮੇਰਾ ਹੱਥ ਫੜ ਕੇ ਆਪਣੇ ਮੱਥੇ 'ਤੇ ਲਾ ਕੇ ਕਹਿੰਦੇ, "ਦੇਖ ਬੱਲਿਆ! ਹੈ ਕਿਸੇ ਸਬੂਤ ਦੀ ਲੋੜ ਕਿ ਤੂੰ ਕਿੰਨਾ ਲਜ਼ੀਜ਼ ਖਾਣਾ ਬਣਾਇਐ?"

ਉਨ੍ਹਾਂ ਦੀ ਵਿਕੋਲਿਤਰੀ ਸਹਿਣਸ਼ੀਲਤਾ ਵੀ ਵਿਸ਼ਵਾਸ ਤੋਂ ਪਰਲੇ ਪਾਰ ਦੀ ਸੀ। ਨਾਨਕੇ ਗਏ ਸਾਡੇ ਦੋਵਾਂ ਭੈਣਾਂ ਦੇ ਚਾਰ ਜੁਆਕ ਉਨ੍ਹਾਂ ਨੂੰ ਗਧੀ ਗੇੜ ਵਿੱਚ ਪਾਈ ਰੱਖਦੇ, ਪਰ ਮਜ਼ਾਲ ਐ ਉਨ੍ਹਾਂ ਦੇ ਚਿਹਰੇ ਉੱਤੇ ਕੋਈ ਸ਼ਿਕਨ ਵੀ ਆਈ ਹੋਵੇ, ਸਾਰਾ ਦਿਨ ਨਿਆਣਿਆਂ ਨਾਲ ਨਿਆਣੇ ਬਣੇ ਰਹਿੰਦੇ, ਉਨ੍ਹਾਂ ਦੀਆਂ ਝੱਲ-ਵਲੱਲੀਆਂ 'ਤੇ ਠਹਾਕੇ ਲਾਉਂਦੇ। ਚਾਰ ਕੁ ਸਾਲ ਦੇ ਮੇਰੇ ਬੇਟੇ ਉੱਤੇ ਇਕ ਵਾਰ ਨੱਚਣ ਦਾ ਭੂਤ ਸਵਾਰ ਹੋ ਗਿਆ, ਰੇਡੀਓ ਉੱਤੇ ਜਦੋਂ ਕੋਈ ਧੂਮ-ਧੜੱਕੇ ਵਾਲਾ ਗਾਣਾ ਵੱਜਦਾ, ਉਹ ਪਾਪਾ ਜੀ ਨੂੰ ਸਾਹਮਣੇ ਖੜ੍ਹਾ ਕੇ ਉਨ੍ਹਾਂ ਦੇ ਦੋਵੇਂ ਹੱਥ ਫੜ ਕੇ ਨੱਚਣ ਲੱਗ ਜਾਂਦਾ, ਚਾਂਭਲਿਆ ਹੋਇਆ ਉਨ੍ਹਾਂ ਦਾ ਪਿੰਜਣੀ ਉਤੇ ਸਣੇ ਬੂਟਾਂ ਠੁੱਡਾ ਮਾਰ ਦਿੰਦਾ, ਪਿੰਜਣੀਆਂ ਛਿੱਲੀਆਂ ਗਈਆਂ, ਖਰੀਂਢ ਵੀ ਆ ਗਏ, ਪਰ ਉਨ੍ਹਾਂ ਨੇ ਇਕ ਵਾਰ ਵੀ ਮੁੰਡੇ ਨੂੰ ਮਨ੍ਹਾਂ ਨਹੀਂ ਕੀਤਾ, ਸਗੋਂ ਉਵੇਂ ਹੀ ਉਹਦੇ ਨਾਲ ਨਾਲ ਕਦਮਤਾਲ ਦਿੰਦੇ ਰਹੇ।

ਏਹੀ ਬੇਟਾ ਜਦ ਬਾਰਾਂ ਤੇਰਾਂ ਸਾਲ ਦਾ ਹੋ ਗਿਆ ਤਾਂ ਉਨ੍ਹਾਂ ਨਵੇਂ-ਨਵੇਂ ਵਿਅੰਜਨ ਬਣਾਉਣ ਦਾ ਸ਼ੌਂਕ ਚੜ੍ਹ ਗਿਆ, ਇਕ ਰਾਤ ਖਬਰੀ ਕੋਈ ਸੁਰੱਗਾ ਆਇਆ ਕਿ ਸੁਫ਼ਨਾ, ਦੋ ਕੁ ਵਜੇ ਉੱਠ ਕੇ ਕਰਾਰੀਆਂ-ਕਰਾਰੀਆਂ ਚਿਪਸ ਬਣਾ ਲਿਆਇਆ ਤੇ ਫਿਰ ਸਾਰਿਆਂ ਨੂੰ ਗਰਮ-ਗਰਮ ਖਾਣ ਲਈ ਜਗਾਉਣ ਲੱਗਾ, "ਚੁੱਪ ਕਰਕੇ ਸੌਣ ਦੇ, ਅੱਧੀ ਰਾਤ ਨੂੰ ਇਹਨੂੰ ਸ਼ੁਦਾਅ ਚੜ੍ਹਿਐ" ਜਿਹਦੇ ਕੋਲ ਪਲੇਟ ਲਿਜਾਂਦਾ, ਘੁਰਕੀ ਜਿਹੀ ਖਾ ਕੇ ਪਰਤ ਆਉਂਦਾ। ਪਰ ਪਾਪਾ ਜੀ ਉਠੇ, ਚਟਖਾਰੇ ਲੈ ਲੈ ਚਿਪਸ ਖਾਧੀਆਂ, ਮੱਥੇ ਦਾ ਮੁੜ੍ਹਕਾ ਦਿਖਾਇਆ ਤੇ ਉਹਨੂੰ ਵੱਡੀ ਸਾਰੀ ਥਾਪੀ ਦੇ ਕੇ ਫੇਰ ਹੀ ਸੁੱਤੇ।

ਸੰਵੇਦਨਸ਼ੀਲ ਵੀ ਉਹ ਸਿਰੇ ਦੇ ਸਨ, ਇਕ ਵਾਰ ਹਾਲਾਤ ਐਸੇ ਬਣੇ ਕਿ ਕੋਈ ਸਦਮਾ ਸਾਰੇ ਪਰਿਵਾਰ ਉਤੇ ਹਾਵੀ ਹੋ ਗਿਆ, ਦੂਜੇ ਜੀਅ ਤਾਂ ਕਦੀ ਰੋ ਲੈਂਦੇ, ਕਦੀ ਆਪਸ ਵਿੱਚ ਦਿਲ ਹੌਲਾ ਕਰ ਲੈਂਦੇ, ਪਰ ਪਾਪਾ ਜੀ ਸਭ ਨੂੰ ਧੀਰਜ ਬੰਨ੍ਹਾਉਂਦੇ ਰਹਿੰਦੇ ਤੇ ਇਉਂ ਪ੍ਰਗਟ ਕਰਦੇ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ, ਪਰ ਹੋਇਆ ਇਹ ਸੀ ਕਿ ਇਕ ਸੁਬਾਹ ਜਦੋਂ ਉਹ ਜਾਗੇ ਤਾਂ ਉਨ੍ਹਾਂ ਦੀ ਅੱਧੀ ਮੁੱਛ ਉਡ ਗਈ ਹੋਈ ਸੀ, ਅੰਦਰੋ ਅੰਦਰ ਕੋਈ ਐਸਾ ਬਲੇਡ ਫਿਰਿਆ ਸੀ ਕਿ ਵਾਲਾਂ ਵਰਗੀ ਨਾਜ਼ੁਕ ਚੀਜ਼ ਆਪਣੀ ਜਗ੍ਹਾ ਉਤੇ ਖੜ੍ਹੀ ਹੀ ਨਹੀਂ ਸੀ ਰਹਿ ਸਕੀ। ਉਹ ਉਨਾਂ ਚਿਰ ਮੁੱਛਾਂ ਉੱਤੇ ਫਿਫਟੀ ਬੰਨ੍ਹ ਕੇ ਜੱਗ ਤੋਂ ਲੁਕਾਉਂਦੇ ਰਹੇ ਸਨ, ਜਦੋਂ ਤੱਕ ਵਾਲ ਦੁਬਾਰਾ ਨਹੀਂ ਸਨ ਆ ਗਏ।

ਵੱਡਿਆਂ ਦੀ ਸੇਵਾ-ਸੰਭਾਲ ਦੀਆਂ ਰੌਸ਼ਨ-ਪੈੜਾਂ ਵੀ ਸਾਡੇ ਮਨ-ਮਸਤਕ ਵਿੱਚ ਉਨ੍ਹਾਂ ਨੇ ਹੀ ਪਾਈਆਂ, ਤੇ ਇਹ ਮੁਥਾਜ-ਬੁਢੇਪਾ ਉਨ੍ਹਾਂ ਉੱਤੇ ਆਇਆ ਹੀ ਨਹੀਂ। ਅੱਤ ਦੇ ਸਿਆਲਾਂ ਵਿੱਚ ਜਦੋਂ ਬਾਹਰ ਕੋਰਾ ਜੰਮਣ ਲੱਗਦਾ, ਉਹ ਅੰਦਰ ਲੋਗੜ ਜਾਂ ਨਮਦਾ ਸੇਕ ਕੇ ਬੇਬੇ, ਜਾਣੀ ਸਾਡੇ ਦਾਦੀ ਜੀ, ਦੀ ਰਜ਼ਾਈ ਵਿੱਚ ਰੱਖਦੇ ਰਹਿੰਦੇ, ਜਾਂ ਤੱਤੇ-ਤੱਤੇ ਪਾਣੀ ਵਾਲੀ ਕੱਚ ਦੀ ਬੋਤਲ ਤੌਲੀਏ ਵਿੱਚ ਲਪੇਟ ਕੇ ਉਹਦੇ ਪੈਰਾਂ ਕੋਲ ਧਰ ਦਿੰਦੇ। ਥਹੁ ਨਹੀਂ ਕਿ ਰਬੜ ਵਾਲੀ ਬੋਤਲ ਉਦੋਂ ਬਜ਼ਾਰ ਵਿੱਚ ਆਈ ਨਹੀਂ ਸੀ ਕਿ ਖਰੀਦਣ ਦੀ ਸਾਡੀ ਪਰੋਖੋਂ ਨਹੀਂ ਸੀ। ਉਮਰ ਦੇ ਆਖ਼ਰੀ ਪਹਿਰ ਵਿੱਚ ਬੇਬੇ ਦੀ ਜੀਭ 'ਤੇ ਕੋਈ ਜ਼ਖਮ ਹੋ ਗਿਆ ਸੀ ਤੇ ਰੋਟੀ ਦੀ ਬੁਰਕੀ

ਉਹਨੂੰ ਵਾਢਾਂ ਪਾਉਂਦੀ ਸੀ। ਉਹ ਸਿਰਫ਼ ਦੁੱਧ ਵਿੱਚ ਡਬਲਰੋਟੀ ਜਾਂ ਕਸਟਰਡ ਹੀ ਖਾ ਸਕਦੀ ਹੁੰਦੀ, ਇਹ ਸਭ ਪਾਪਾ ਜੀ ਆਪ ਰਸੋਈ ਵਿੱਚ ਜਾ ਕੇ ਤਿਆਰ ਕਰਦੇ। ਕੋਸੇ ਪਾਣੀ ਦੀ ਬਾਲਟੀ ਲਿਆ ਕੇ ਉਹਦੇ ਚਰਨ ਡੁਬੋਂਦੇ, ਆਪਣੇ ਹੱਥਾਂ ਨਾਲ ਮਲਦੇ ਤੇ ਫਿਰ ਸਾਫੇ ਨਾਲ ਪੂੰਝ ਕੇ ਮਲਕੜੇ ਜਿਹੇ ਬਿਸਤਰੇ ਵਿੱਚ ਧਰ ਦਿੰਦੇ। ਫਿਰ ਖਾਣੇ ਵਾਲੀ ਬਾਟੀ ਲਿਆ ਕੇ ਫੜਾਉਂਦੇ, ਉਦੋਂ ਤੱਕ ਸੇਕ ਨਿੱਕਲ ਗਿਆ ਹੁੰਦਾ ਤੇ ਬੇਬੇ ਆਸਾਨੀ ਨਾਲ ਖਾ ਸਕਦੀ ਹੁੰਦੀ। ਗਰਮੀਆਂ ਵਿੱਚ ਕੋਲ ਬਹਿ ਕੇ ਖਜੂਰੀ ਪੱਖੀ ਝੱਲਦੇ ਰਹਿੰਦੇ। ਸੱਚ ਤਾਂ ਇਹ ਹੈ ਕਿ ਬੇਬੇ ਵਰਗਾ ਹੀ ਸਿਦਕ-ਸਿਰੜ ਵਾਲਾ ਸੀ ਉਸ ਦਾ ਇਹ ਪੁੱਤ, ਜਿਸ ਨੂੰ ਮੈਂ ਕਦੇ ਪਾਠ ਕਰਦਿਆਂ ਨਹੀਂ ਦੇਖਿਆ ਤੇ ਨਾ ਹੀ ਕਦੇ ਇਸ ਨਿੱਤ ਦੇ ਨੇਮ ਤੋਂ ਖੁੰਝਦਿਆਂ ਦੇਖਿਆ।

ਉਨ੍ਹਾਂ ਦਾ ਸਿਰੜ ਤਾਂ ਸੀ ਹੀ ਬੇਮਿਸਾਲ, ਚਾਹੇ ਪੀੜਾਂ ਅੰਦਰੋਂ ਕੁਤਰਾ ਕਰ ਰਹੀਆਂ ਹੋਣ, ਪਰ ਉਨ੍ਹਾਂ ਦੀ ਜ਼ੁਬਾਨ ਉੱਤੇ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਸੀ ਹੁੰਦਾ। ਅੰਦਰੇ-ਅੰਦਰ ਸਭ ਕੁੱਝ ਪੀ ਕੇ ਉਪਰੋਂ ਮੁਸਕਰਾਉਂਦੇ ਰਹਿੰਦੇ, ਕਦੀ ਕਦੀ ਉਹ ਮੈਨੂੰ ਗਟਾ ਗਟ ਜ਼ਹਿਰ ਪੀ ਲੈਣ ਵਾਲੇ ਸ਼ਿਵ ਜੀ ਵਰਗੇ ਲੱਗਦੇ, ਜਿਨ੍ਹਾਂ ਦੇ ਮੂੰਹ 'ਤੇ ਕਲੱਤਣ ਦੀ ਕੋਈ ਰੇਖਾ ਨਹੀਂ ਸੀ ਆਈ। ਸੱਤਰਵਿਆਂ ਵਿੱਚ ਆਕੇ ਉਨ੍ਹਾਂ ਦੇ ਜਿਸਮ ਨੇ ਬੇਵਫਾਈ ਸ਼ੁਰੂ ਕਰ ਦਿੱਤੀ ਸੀ, ਨਿੱਤ ਨਵੀਆਂ ਅਲਾਮਤਾਂ ਉੱਪਰ ਆਉਂਦੀਆਂ, ਊਰਜਾ-ਵਿਹੀਣ ਦਿਲ ਦੇ ਮਸਾਂ-ਮਸਾਂ ਸਾਹਾਂ ਦੀ ਗੱਡੀ ਘੜੀਸਣ ਵਰਗੀਆਂ, ਪਰ ਪਾਪਾ ਜੀ ਸਨ ਕਿ ਕਿਸੇ ਗੱਲ ਨੂੰ ਲਵੇ ਹੀ ਨਾ ਲੱਗਣ ਦਿੰਦੇ। ਜਦੋਂ ਆਖ਼ਿਰੀ ਵਾਰ ਸਾਡੇ ਕੋਲ ਆਏ ਤਾਂ ਆਉਂਦਿਆਂ ਹੀ ਦਸ ਹਜ਼ਾਰ ਦੀ ਗੱਥੀ ਬਲਦੇਵ ਨੂੰ ਫੜਾ ਦਿੱਤੀ।

"ਇਹ ਕਿਉਂ ਪਾਪਾ ਜੀ?... ਰੱਖੋ ਆਪਣੇ ਕੋਲ" ਕਹਿੰਦਾ ਬਲਦੇਵ ਮੋੜਨ ਲੱਗਿਆ ਤਾਂ ਬੋਲੇ, "ਲੈ-ਲੈ ਬੇਟਾ! ਕਦੇ ਲੋੜ ਪੈ ਜਾਂਦੀ ਹੁੰਦੀ ਐ" ਫਿਰ ਜੇਬ ਵਿੱਚੋਂ ਸੋਹਣਾ ਜਿਹਾ ਚਾਬੀ-ਛੱਲਾ ਕੱਢ ਕੇ ਕਹਿੰਦੇ, "ਇਹ ਵੀ ਸਾਂਭ ਲੈ! ਯਾਦਗੀਰੀ ਹੁੰਦੀ ਐ"

ਸਾਡੇ ਬੱਚੇ ਉਨ੍ਹਾਂ ਨੂੰ ਬੜੀ ਸ਼ਿੱਦਤ ਨਾਲ ਉਡੀਕਦੇ ਸਨ ਤੇ ਉਨ੍ਹਾਂ ਦੇ ਆ ਕੇ ਬੈਠਦਿਆਂ ਹੀ ਵਾਪਿਸੀ ਦੀ ਚਿੰਤਾ ਵਿੱਚ ਗ੍ਰਸੇ ਪੁਛਦੇ "ਪਾਪਾ ਜੀ! ਹੁਣ ਰਹੋਂਗੇ ਨਾ ਸਾਡੇ ਕੋਲ? ਛੇਤੀ ਤਾਂ ਨਹੀਂ ਜਾਓਗੇ?"

ਤੇ ਪਾਪਾ ਜੀ ਕੁਝ ਦਿਨਾਂ ਬਾਅਦ ਜਾਣ ਲਈ ਕੋਈ ਬਹਾਨਾ ਸੁਣਾ ਦਿੰਦੇ, "ਉਦਣ ਫਲਾਨੇ ਦੀ ਰਜਿਸਟਰੀ ਐ, ਫਲਾਨੇ ਦੇ ਭੋਗ ਐ, ਜਾਣਾ ਪੈਣੇ..." ਵਗੈਰਾ-ਵਗੇਰਾ, ਅਸੀਂ ਉਸ ਅਨੁਸਾਰ ਹੀ ਅਗਲੇ ਪ੍ਰੋਗਰਾਮ ਬਣਾਉਂਦੇ। ਇਸ ਵਾਰ ਬੋਲੇ, "ਹੁਣ ਮੈਂ ਸਾਰੇ ਕੰਮ ਮੁਕਾ ਆਇਆਂ, ਜਿੰਨਾ ਚਿਰ ਕਹੋਂਗੇ, ਉਨਾ ਚਿਰ ਰਹੂੰਗਾ ਤੁਹਾਡੇ ਕੋਲ"

ਬੱਚੇ ਖੁਸ਼ੀ ਵਿੱਚ ਚਾਂਬੜਾਂ ਪਾਉਣ ਲੱਗ ਪਏ। ਪਰ ਉਨ੍ਹਾਂ ਦੇ ਪੈਰ ਸੁੱਜ-ਭੜੋਲਾ ਬਣੇ ਹੋਏ ਸਨ, ਬਲਦੇਵ ਨੇ ਚਿੰਤਾ ਜ਼ਾਹਿਰ ਕੀਤੀ ਤਾਂ ਬੋਲੇ, "ਨਹੀਂ ਬਈ ਕੁਸ਼ ਨਹੀਂ ਹੋਇਆ ਮੈਨੂੰ, ਇਹ ਤਾਂ ਚਾਰ ਘੰਟੇ ਬੱਸ 'ਚ ਬਹਿਣ ਕਰਕੇ ਹੋ ਗਿਐ"

ਕੁਝ ਦਿਨਾਂ ਬਾਅਦ ਪੇਟ ਕਾਫੀ ਫੁੱਲਿਆ ਹੋਇਆ, "ਪਾਪਾ ਜੀ ਨੂੰ ਐਸਡਿਟੀਜ਼ ਹੋ ਗਈ ਲੱਗਦੀ ਐ..." ਬਲਦੇਵ ਫੁਸਫੁਸਾਇਆ।

"ਹਾਂ, ਮੈਨੂੰ ਵੀ ਲੱਗਦੈ, ਕੱਲ੍ਹ ਹਸਪਤਾਲ ਲਿਜਾ ਕੇ ਦਿਖਾਈਏ"

ਪਾਪਾ ਜੀ ਨੂੰ ਚੱਲਣ ਲਈ ਕਿਹਾ ਤਾਂ ਪੈਰਾਂ 'ਤੇ ਪਾਣੀ ਨਾ ਪੈਣ ਦੇਣ, ਅਖੇ, "ਲੱਸੀ ਬਹੁਤ ਸੁਆਦ ਸੀ, ਮੈਂ ਭਰਿਆ ਜੱਗ ਪੀ ਗਿਆ, ਤਾਂ ਫੁੱਲਿਆ ਲਗਦਾ ਢਿੱਡ, ਹੋਰ ਕੋਈ ਪ੍ਰਾਬਲਮ ਨੀ..."

ਜ਼ੋਰ ਅਜ਼ਮਾ ਲਿਆ, ਪਰ ਉਹ ਜਾਂਚ-ਪੜਤਾਲ ਲਈ ਹਸਪਤਾਲ ਨਹੀਂ ਗਏ। ਇਉਂ ਨਹੀਂ ਕਿ ਉਹ ਸਜੱਗ ਨਹੀਂ ਸਨ ਸਾਰੀ ਉਮਰ ਲੋਕਾਂ ਦੇ ਮੱਥਿਆਂ ਵਿੱਚ ਦੀਵੇ ਬਾਲਦਿਆਂ ਲੰਘਾਈ ਸੀ ਉਨ੍ਹਾਂ ਨੇ। ਸਭ ਕਾਸੇ ਦਾ ਇਲਮ ਸੀ ਉਨ੍ਹਾਂ ਨੂੰ, ਬਸ ਆਪਣੇ ਲਈ ਕਿਸੇ ਹੋਰ ਨੂੰ ਔਖ ਨਹੀਂ ਸਨ ਦਿੰਦੇ, ਧੀਆਂ ਜਵਾਈਆਂ ਨੂੰ ਤਾਂ ਬਿਲਕੁਲ ਹੀ ਨਹੀਂ। ਅਸੀਂ ਬਹੁਤਾ ਹੀ ਖਹਿੜੇ ਪੈ ਜਾਂਦੇ ਤਾਂ ਕਹਿੰਦੇ, "ਮੈਂ ਹਸਪਤਾਲਾਂ ਵਿੱਚ ਰੁਲਣਾ ਨਹੀਂ ਚਾਹੁੰਦਾ ਬਲਦੇਵ! ਮੇਰੀ ਆਖੀ ਮੰਨ ਲੋ, ਮਿੰਨਤ ਆਲੀ ਗੱਲ ਐ"'

ਮੈਂ ਅੱਖਾਂ ਭਰ ਲੈਂਦੀ ਤਾਂ ਮੇਰੇ ਸਿਰ ਉੱਤੇ ਹੱਥ ਫੇਰਦੇ ਆਖਦੇ "ਕਿਉਂ ਡੋਲਦੀ ਐਂ, ਉਹ ਹੈ ਨਾ ਪਾਤਸ਼ਾਹਾਂ ਦਾ ਪਾਤਸ਼ਾਹ, ਮੈਂ ਦਸਵਾਂ ਦਵਾਰ ਦੇਖ ਲਿਐ, ਹੁਣ ਮੌਤ ਤੇ ਜ਼ਿੰਦਗੀ ਵਿੱਚ ਕੋਈ ਫ਼ਰਕ ਨਹੀਂ ਲੱਗਦਾ" ਸ਼ਾਇਦ ਇਹੋ ਜਿਹੀਆਂ ਅਨੁਭੂਤੀਆਂ ਕਰਕੇ ਹੀ ਉਨ੍ਹਾਂ ਨੇ ਆਪਣੇ ਵੱਲ ਰਿਸਕਦੀ ਆਉਂਦੀ ਮੌਤ ਨੂੰ ਬੜੇ ਜੇਰੇ ਨਾਲ ਸਵੀਕਾਰ ਕਰ ਲਿਆ ਸੀ। ਰਾਤੀਂ ਕਿਸੇ ਸਮੇਂ ਉਨ੍ਹਾਂ ਨੂੰ ਖ਼ੂਨ ਦੀ ਉਲਟੀ ਆਈ ਸੀ, ਉਹ ਬਿਨਾਂ ਖੜਕਾ ਕੀਤੇ ਬਾਥਰੂਮ ਗਏ ਸਨ ਤੇ ਸਾਰਾ ਕੁੱਝ ਸਾਫ਼ ਕਰਕੇ ਨਹਾ ਧੋ ਆਏ ਸਨ, ਫਿਰ ਠਾਠੀ ਬੰਨ੍ਹ ਕੇ ਰਜਾਈ ਵਿੱਚ ਵੜ ਗਏ ਸਨ। ਉਹ ਤਾਂ ਸਵੇਰੇ ਬਲਦੇਵ ਬਾਥਰੂਮ ਗਿਆ ਤਾਂ ਉਹਨੇ ਫਲੱਸ਼ ਦੇ ਢੱਕਣ ਪਿਛੇ ਖ਼ੂਨ ਦੇ ਛਿੱਟੇ ਦੇਖ ਲਏ ਤੇ ਆ ਕੇ ਪਾਪਾ ਜੀ ਨੂੰ ਪੁੱਛਿਆ, ਬੋਲੇ, "ਹਾਂ... ਆਇਆ ਸੀ ਥੋੜ੍ਹਾ ਜਿਹਾ ਲਹੂ, ਪਰ ਉਹ ਸ਼ਾਇਦ ਮੱਛੀ ਵਿੱਚ ਕੰਡਾ ਹੋਣੈਂ... ਉਹ ਕਿਤੇ ਚੁਭ ਗਿਆ ਹੋਣੈਂ..."

"ਪਰ ਪਾਪਾ ਜੀ, ਮੱਛੀ ਖਾਧੀ ਨੂੰ ਤਾਂ ਕਈ ਦਿਨ ਹੋ 'ਗੇ" ਮੈਂ ਫ਼ਿਕਰ ਦੀ ਸਿਖਰ 'ਤੇ ਸਾਂ।

"ਮੈਨੂੰ ਕੁਸ਼ ਨੀ ਹੋਇਆ, ਤੁਸੀਂ ਜਾ ਕੇ 'ਰਾਮ ਨਾਲ ਰੋਟੀ-ਪਾਣੀ ਛਕੋ ਤੇ ਆਪੋ ਆਪਣੀ ਡਿਊਟੀ 'ਤੇ ਜਾਓ..."

"ਪਰ ਪਾਪਾ ਜੀ..."

"ਗੁਰਮਿੰਦਰ ਸਿਆਂਹ! ਕਮਰਕੱਸੇ ਕਰ ਦਿੱਲੀ ਜਾਣ ਲਈ, ਇਹ ਮੌਕਾ ਸਾਰਿਆਂ ਨੂੰ ਮਿਲਦੈ ਕਿਤੇ?" ਉਸ ਵਰ੍ਹੇ ਮੈਨੂੰ ਪਹਿਲੀ ਵਾਰ ਗਣਤੰਤਰ ਦਿਵਸ ਦੇ ਕਵੀ ਦਰਬਾਰ ਵਾਸਤੇ ਲਾਲ ਕਿਲ੍ਹੇ ਬੁਲਾਇਆ ਗਿਆ ਸੀ ਤੇ ਪਾਪਾ ਜੀ ਆਪਣੇ ਆਪ ਨੂੰ ਦਿੱਲੀ ਦੇ ਤਖ਼ਤ ਉੱਤੇ ਬੈਠਾ ਮਹਿਸੂਸ ਕਰ ਰਹੇ ਸਨ। ਜਿਸ ਦਿਨ ਦਾ ਸੱਦਾ-ਪੱਤਰ ਆਇਆ ਸੀ ਉਨ੍ਹਾਂ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

"ਮੈਂ ਨਹੀਂ ਕਿਤੇ ਜਾਣਾ-ਜੂਣਾ, ਤੁਸੀਂ ਠੀਕ ਨਹੀਂ ਪਾਪਾ ਜੀ..." ਉਨ੍ਹਾਂ ਦਾ ਪੀਲਾ ਭੂਕ ਰੰਗ ਤੇ ਨੀਲੱਤਣ ਫੜ ਰਹੇ ਸੁੱਕੇ ਸਿੱਕਰੇ ਹੋਠ ਮੇਰਾ ਮਨੋਬਲ ਰਸਾਤਲ ਵੱਲ ਲਿਜਾ ਰਹੇ ਸਨ।

"ਕੋਈ ਤਕਲੀਫ਼ ਹੋਈ ਤਾਂ ਮੈਂ ਆਪ ਦੱਸੂੰ, ਤੁਸੀਂ ਤਾਂ ਐਵੇਂ ਈ..." ਅੱਧੀ ਗੱਲ ਉਨ੍ਹਾਂ ਦੇ ਮੂੰਹ ਵਿੱਚ ਹੀ ਸੀ ਕਿ ਗਲੱਸ ਦੇ ਕੇ ਇਕ ਹੋਰ ਉਲਟੀ ਆ ਗਈ, ਬਿਸਤਰੇ ਨੂੰ ਲਹੂ ਲੁਹਾਣ ਹੋਇਆ ਦੇਖ ਕੇ ਉਹ ਸਾਡੇ ਵੱਲ ਗੁਨਾਹਗਾਰਾਂ ਵਾਂਗ ਝਾਕੇ। ਅਸੀਂ ਬਿਨਾਂ ਇਕ ਪਲ ਗੁਆਇਆਂ ਉਨ੍ਹਾਂ ਨੂੰ ਪੀ.ਜੀ.ਆਈ. ਲੈ ਗਏ, ਪੂਰਾ ਦਿਨ ਇਲਾਜ ਚੱਲਦਾ ਰਿਹਾ, ਉਨ੍ਹਾਂ ਦੇ ਫਰਕਦੇ ਹੋਠ ਕੁਝ ਦੇਰ ਲਈ ਬੇਹਰਕਤ ਹੋਏ ਤੇ ਫਿਰ ਹਮੇਸ਼ਾ ਲਈ ਖ਼ਾਮੋਸ਼ ਹੋ ਗਏ, ਪਰ ਉਨ੍ਹਾਂ ਵਿੱਚੋਂ ਇਕ ਵਾਰ ਵੀ 'ਸੀਅ' ਜਾਂ 'ਹਾਇ' ਨਹੀਂ ਨਿੱਕਲੀ।

## ਸਿਹਤ ਸੰਭਾਲ

# ਵਾਤਾਵਰਣ ਤੇ ਸਿਹਤ

ਡਾ. ਨਿਰਮਲ ਸਿੰਘ

ਵਾਤਾਵਰਣ ਦੇ ਲਫ਼ਜ਼ੀ ਅਰਥ ਹੁੰਦੇ ਨੇ ਆਲਾ-ਦੁਆਲਾ, ਚੌਗਿਰਦਾ, ਮਾਹੌਲ ਅਰਥਾਤ ਜਿੱਥੇ ਕਿੱਧਰੇ ਵੀ ਜੀਵ ਜੰਤੂ ਰਹਿੰਦੇ ਨੇ ਉੱਥੋਂ ਦਾ ਪੌਣ ਪਾਣੀ, ਰੁੱਖ, ਜੰਗਲ, ਭੋਂਏ, ਉਪਜ, ਸਨਅਤ ਤੇ ਹੋਰ ਜੋ ਵੀ ਜਾਨਵਰ ਖਾਸ ਕਰਕੇ ਅਤਿ ਵਿਕਸਿਤ ਜੀਵ ਮਨੁੱਖ ਨੇ ਸਿਰਜਿਆ ਏ ਉਹ ਸਾਰਾ ਕੁਝ ਵਾਤਾਵਰਣ ਜਾਂ ਚੌਗਿਰਦਾ ਅਖਵਾਉਂਦਾ ਏ। ਭਾਵੇਂ ਅਸੀਂ ਗੱਲ ਮਨੁੱਖੀ ਸਿਹਤ ਦੀ ਕਰਨੀ ਹੈ ਪਰ ਤੰਦਰੁਸਤੀ, ਰਿਸ਼ਟ-ਪੁਸ਼ਟ ਜਿਸਮ ਦਾ ਮੁੱਦਾ ਸਾਡੇ ਆਲੇ-ਦੁਆਲੇ ਦੇ ਹਾਲਾਤਾਂ ਨਾਲ ਘਿਓ ਖਿੱਚੜੀ ਵਾਂਗ ਜੁੜਿਆ ਹੋਇਆ ਹੈ। ਵਿਦਵਾਨਾਂ, ਸਿਆਣਿਆਂ ਨੇ ਸਿਹਤ ਦੀ ਪਰਿਭਾਸ਼ਾ ਦੇ ਵੀ ਜਿਹੜੇ ਪੰਜ ਪਸਾਰ ਗਿਣੇ ਨੇ ਉਨ੍ਹਾਂ ਵਿਚ ਵਾਤਾਵਰਣ ਦੀ ਅਹਿਮੀਅਤ ਦੂਜੇ ਸਾਰਿਆਂ ਨਾਲੋਂ ਜ਼ਿਆਦਾ ਹੈ। ਕੋਈ ਬੰਦਾ ਭਾਵੇਂ ਕਿੰਨਾਂ ਵੀ ਹੱਟਾ ਕੱਟਾ ਹੋਵੇ ਜੇਕਰ ਉਹ ਪਲੀਤ ਮਾਹੌਲ ਵਿਚ ਰਹਿ ਰਿਹਾ ਹੈ ਤਾਂ ਉਹਦੀ ਸਿਹਤ ਨੇ ਆਖਰਕਾਰ ਪ੍ਰਭਾਵਿਤ ਹੋਣਾ ਈ ਹੋਣਾ ਏ। ਵਿਗਿਆਨੀਆਂ ਦੀ ਸੋਚ ਹੈ ਕਿ ਤੰਦਰੁਸਤੀ ਦੇ ਅਰਥ ਸਿਰਫ਼ ਬਿਮਾਰੀਆਂ ਦੀ ਅਣਹੋਂਦ ਜਾਂ ਰਿਸ਼ਤ-ਪੁਸ਼ਟ ਹੋਣਾ ਈ ਨਹੀਂ ਸਗੋਂ ਇਹਦੇ ਮਾਅਨੇ ਨੇ ਜਿਸਮਾਨੀ, ਸਮਾਜੀ, ਮਾਨਸਿਕ, ਰੂਹਾਨੀ ਤੇ ਚੌਗਿਰਦੇ ਵਾਲੇ ਸਾਰੇ ਪੱਖਾਂ ਤੋਂ ਜਾਗਰੂਕ, ਚੇਤੰਨ, ਜ਼ਿੰਮੇਵਾਰ ਤੇ ਫ਼ਰਜ਼ ਸ਼ਨਾਸ਼ ਹੋਣਾ। ਜੇ ਤੁਸੀਂ ਖੁਦ ਬਿਮਾਰ ਜਾਂ ਰੋਗੀ ਨਹੀਂ ਵੀ ਪਰ ਆਪਣੇ ਘਰ ਦਾ ਗੰਦਾ ਪਾਣੀ ਸੜਕਾਂ-ਗਲੀਆਂ ਵਿਚ ਡੋਲ੍ਹਦੇ ਹੋ ਤੇ ਆਪਣਾ ਕੂੜਾ ਕਰਕਟ ਨਾਲ ਪਏ ਗੁਆਂਢੀਆਂ ਦੇ ਖਾਲੀ ਪਲਾਟ ਵਿਚ ਸੁੱਟਦੇ ਹੋ ਤਾਂ ਤੁਸੀਂ ਕਤਈ ਵੀ ਸਿਹਤਮੰਦ ਨਹੀਂ ਹੋ। ਤੁਸੀਂ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦੇ ਹੋ, ਹਮੇਸ਼ਾ ਢਹਿੰਦੀਆਂ ਕਲਾਂ ਵਿਚ ਰਹਿੰਦੇ ਹੋ, ਤੁਸੀਂ ਆਸ਼ਾਵਾਦੀ ਨਹੀਂ, ਭਲੇ-ਬੁਰੇ ਤੇ ਖਰੇ-ਖੋਟੇ ਦੀ ਤਮੀਜ਼ ਨਹੀਂ ਰੱਖਦੇ, ਹਵਾ ਪਾਣੀ ਤੇ ਮਾਂ ਧਰਤੀ ਦੀ ਕਦਰ ਨਹੀਂ ਕਰਦੇ ਤਾਂ ਵੀ ਤੁਸੀਂ ਸਿਹਤਮੰਦ ਅਖਵਾਉਣ ਦੇ ਹੱਕਦਾਰ ਨਹੀਂ। ਅੱਜ ਨਹੀਂ ਤਾਂ ਕੱਲ ਤੁਸੀਂ ਖੁਦ ਤੇ ਤੁਹਾਡੇ ਅੰਗ ਸਾਕ ਲਾਜ਼ਮੀ ਤੌਰ 'ਤੇ ਕਿਸੇ ਨਾ ਕਿਸੇ ਖਤਰਨਾਕ ਮਾਰੂ ਰੋਗ ਦੇ ਸ਼ਿਕਾਰ ਹੋ ਸਕਦੇ ਹੋ।

ਬੇਸ਼ੱਕ ਵਾਤਾਵਰਣ ਵਿਚ ਸਮੁੱਚੀ ਕਾਇਨਾਤ ਈ ਆ ਜਾਂਦੀ ਹੈ ਪਰ ਅਸੀਂ ਏਨਾਂ ਖਲਾਰਾ ਪਾ ਕੇ ਸਮੇਟ ਨਹੀਂ ਸਕਦੇ ਸੋ ਅਸੀਂ ਗੱਲ ਸਿਰਫ਼ ਆਪਣੀਆਂ ਰਹਿਣ ਥਾਵਾਂ ਤੀਕਰ ਈ ਮਹਿਦੂਦ ਰੱਖਾਂਗੇ। ਇਨਸਾਨੀ ਜੀਵਨ ਦਾ ਆਧਾਰ ਹੀ ਵਾਤਾਵਰਣ ਹੈ। ਲੱਖਾਂ ਕਰੋੜਾਂ ਸਾਲਾਂ ਦੇ ਬ੍ਰਹਿਮੰਡੀ ਇਤਿਹਾਸ ਵਿਚ ਮਨੁੱਖ ਤੇ ਉਸ ਤੋਂ ਪਹਿਲਾਂ ਏਥੇ ਵਿਚਰਦੇ ਜੀਵਾਂ ਦੀ ਹੋਂਦ ਤਾਂ ਹੀ ਸੰਭਵ ਹੋ ਸਕੀ ਜਦੋਂ ਵਾਤਾਵਰਣ ਦੀਆਂ ਹਾਲਤਾਂ ਜੀਣ ਲਈ ਅਨੁਕੂਲ ਹੋਈਆਂ। ਜਿਵੇਂ ਹਵਾ ਵਿਚ ਆਕਸੀਜਨ ਦੀ ਮਿਕਦਾਰ, ਸੂਰਜ ਦੀਆਂ ਜ਼ਹਿਰੀਲੀਆਂ ਕਿਰਨਾਂ ਦੀ ਰੋਕਥਾਮ, ਜੀਵਨ ਦਾ ਮੂਲ ਸ੍ਰੋਤ ਪਾਣੀ, ਰੁੱਖਾਂ-ਜੰਗਲਾਂ ਦੀ ਹਰਿਆਵਲ, ਕੁਦਰਤੀ ਆਫ਼ਤਾਂ ਤੋਂ ਬਚਣ ਦੇ ਢੰਗ, ਅੱਗ ਦੀ ਵਰਤੋਂ ਤੇ ਖਾਣ-ਪੀਣ ਦੀ ਸੂਝ-ਬੂਝ ਜਦੋਂ ਅਸਾਂ ਸਿੱਖ ਲਈ। ਇਹ ਸਾਰਾ ਗਿਆਨ ਸਾਡੀਆਂ ਸਿਹਤਾਂ ਲਈ ਲਾਹੇਵੰਦਾਂ ਸਾਬਤ ਹੋ ਕੇ ਲੱਖਾਂ-ਹਜ਼ਾਰਾਂ ਵਰ੍ਹਿਆਂ ਤੀਕਰ ਸਾਨੂੰ ਤੰਦਰੁਸਤ ਰੱਖਣ ਤੇ ਕੁਦਰਤ ਨਾਲ ਇਕਸੁਰ ਹੋ ਕੇ, ਤਾਲਮੇਲ ਬਿਠਾ ਕੇ ਕੁਦਰਤ ਦਾ ਸਤਿਕਾਰ ਕਰਦਿਆਂ ਭਰਪੂਰ ਜ਼ਿੰਦਗੀਆਂ ਜੀਣ ਦਾ ਆਧਾਰ ਬਣਿਆ।

ਕਹਿੰਦੇ ਨੇ ਵਿਕਾਸ ਤੇ ਵਿਨਾਸ਼ ਦਾ ਆਪਸੀ ਰਿਸ਼ਤਾਬੜਾ ਗੂੜ੍ਹਾ ਏ। ਸਾਡੇ ਵਡੇਰੇ ਜਿਓਂ-ਜਿਓਂ ਅਖਾਉਤੀ ਵਿਕਾਸ ਦੀਆਂ ਪੌੜੀਆਂ ਚੜ੍ਹਦੇ ਗਏ ਸਾਡੀ ਜਿਸਮਾਨੀ ਸਿਹਤ ਦਾ ਵਿਨਾਸ਼, ਬੀਮਾਰੀਆਂ, ਮਹਾਂਮਾਰੀਆਂ, ਕੁਦਰਤੀ ਆਫ਼ਤਾਂ, ਦੁਰਘਟਨਾਵਾਂ ਹੋਰ ਵੀ ਵੱਧ ਜ਼ੋਰ-ਸ਼ੋਰ ਤੇ ਸ਼ਿੱਦਤ ਨਾਲ ਵਾਪਰਦੀਆਂ ਰਹੀਆਂ। ਅਸਲ ਵਿਚ ਜਦੋਂ ਵੀ ਵਿਕਾਸ ਆਪ ਹੁਦਰੇ ਢੰਗਾਂ, ਤਰੀਕਿਆਂ ਨਾਲ ਅੱਗੇ ਵਧਿਆ ਤਾਂ ਹਸ਼ਰ-ਅਜਾਬ ਦਾ ਦਰ ਅਜਿਹਾ ਖੁੱਲ੍ਹਿਆ ਕਿ ਲੱਖਾਂ ਜਾਨਾਂ ਏਸ ਅਖਾਉਤੀ ਵਿਕਾਸ ਦੀ ਭੇਂਟ ਚੜ੍ਹ ਗਈਆਂ। ਮਨੁੱਖ ਨੇ ਜਦੋਂ ਜੰਗਲ, ਰੁੱਖ ਕੱਟ ਕੇ ਵਾਹੀ ਬੀਜੀ ਸ਼ੁਰੂ ਕੀਤੀ ਤਾਂ ਕਦੀ ਡੋਬਿਆਂ ਤੇ ਕਦੀ ਸੋਕਿਆਂ ਨੇ ਉਹਨੂੰ ਆ ਘੇਰਿਆ। ਜਦੋਂ ਦਰਿਆਵਾਂ ਕੰਢੇ ਬੜੇ ਵੱਡੇ-ਵੱਡੇ ਸ਼ਹਿਰ ਗਿਰਾਂ ਵੱਸ ਗਏ ਤਾਂ ਹੈਜਾ, ਦਸਤ, ਮਰੋੜ ਤੇ ਪਲੇਗ ਵਰਗੀਆਂ ਬੀਮਾਰੀਆਂ ਨੇ ਉਹਨੂੰ ਆਪਣੀ ਜਕੜ ਵਿਚ ਲੈ ਲਿਆ। ਵਗਦੇ ਪਾਣੀਆਂ ਨੂੰ ਜਦੋਂ ਵੀ ਬੇਲੋੜੇ ਬੰਨ੍ਹ ਮਾਰ ਕੇ ਠੱਲ੍ਹਣ ਦੀ ਕੋਸ਼ਿਸ਼ ਕੀਤੀਗਈ ਤਾਂ ਮਲੇਰੀਏ ਤੇ ਪੀਲੀਏ ਵਰਗੇ ਮਾਰੂ ਰੋਗ ਹੱਥ ਧੋ ਕੇ ਪਿੱਛੇ ਪੈ ਗਏ। ਖਾਧ ਖੁਰਾਕ ਦੀ ਘਾਟ, ਵਸੋਂ ਦੇ ਵਾਧੇ ਕਾਰਨ, ਸਾਧਨਾਂ ਸੋਮਿਆਂ ਦੀ ਕਾਣੀ ਵੰਡ ਅਤੇ ਵਿਉਂਤਬੰਦੀ ਦੀ ਘਾਟ ਕਾਰਨ ਜੰਗਾਂ-ਯੁੱਧਾਂ ਤੇ ਉਜਾੜਿਆਂ ਦੇ ਰੂਪ ਵਿਚ ਸਾਨੂੰ ਸਿਹਤ ਦੇ ਪੱਖੋਂ ਮਾਰਾਂ ਪੈਂਦੀਆਂ ਰਹੀਆਂ। ਪਾਣੀ, ਹਵਾ, ਭੋਇੰ ਦੇ ਮੂਲ ਸੋਮਿਆਂ ਨੂੰ ਜਦੋਂ ਅਸੀਂ ਸਿਰਫ਼ ਆਪਣੇ ਵਾਸਤੇ ਹੀ ਰਾਖਵੇਂ ਕਰ ਲਿਆ ਤਾਂ ਕੁਦਰਤ ਦਾ ਸਮਤੋਲ, ਤਵਾਜਨ ਵਿਗੜ ਗਿਆ, ਖੁਰਾਕੀ ਸੰਗਲੀ ਦੀਆਂ ਕੜੀਆਂ ਟੁੱਟ-ਭੱਜ ਗਈਆਂ ਤਾਂ ਸਿੱਟੇ ਅੱਤ ਭਿਆਨਕ ਅਤੇ ਮਾਰੂ ਨਿਕਲੇ। ਦੁਨੀਆਂ ਦੇ ਇਤਿਹਾਸ ਵਿਚ ਜਿੰਨੀਆਂ ਵੀ ਪਲੇਗਾਂ, ਹੈਜਾ, ਤਪਦਿਕ, ਪੀਲੀਆ, ਫਲੂ, ਲਿੰਗਕ ਰੋਗ ਤੇ ਚਮੜੀ ਦੀਆਂ ਬੀਮਾਰੀਆਂ ਦਾ ਵੱਡੀ ਪੱਧਰ ਤੇ ਫੈਲਣ ਦਾ ਜ਼ਿਕਰ ਮਿਲਦਾ ਏ ਉਹਦੇ ਪਿਛੋਕੜ ਵਿਚ ਮਨੁੱਖ ਵੱਲੋਂ ਕੁਦਰਤ ਦੀਆਂ ਨੇਹਮਤਾਂ ਦੀ ਕੁਵਰਤੋਂ ਤੇ ਦੁਰਵਰਤੋਂ ਤੋਂ ਸਿਵਾ ਹੋਰ ਕੁਝ ਵੀ ਨਹੀਂ।

ਬਹੁਤੇ ਪੁਰਾਣੇ ਵੇਲਿਆਂ ਵੱਲੋਂ ਮੁੜ ਅਸੀਂ ਆਪਣੇ ਨੇੜਲੇ ਇਤਿਹਾਸ

ਉੱਤੇ ਈ ਜੇਕਰ ਝਾਤੀ ਮਾਰੀਏ ਤੇ ਗਿਰਾਫ਼ ਬਣਾ ਕੇ ਜ਼ਰਾ ਰਹੁ ਨਾਲ ਵਾਚੀਏ ਤਾਂ ਸਪੱਸ਼ਟ ਹੋ ਜਾਵੇਗਾ ਕਿ ਪਹਿਲੇ ਵੇਲਿਆਂ ਵਿਚ ਸਾਡੀ ਅਣਗਹਿਲੀ ਮਹਾਂਮਾਰੀਆਂ ਦੇ ਰੂਪ ਵਿਚ ਸਾਨੂੰ ਮੌਤ ਤੇ ਰੋਗਾਂ ਦਾ ਖਾਜਾ ਬਣਾਉਂਦੀ ਰਹੀ ਏ ਤੇ ਹੁਣ ਦੇ ਦੌਰਾਂ ਵਿਚ ਅਸੀਂ ਰਿਚ ਰਿਚ ਕੇ, ਦੁਖੀ ਹੋ ਕੇ, ਅੰਤਾਂ ਦੀਆਂ ਪੀੜਾਂ, ਤਕਲੀਫ਼ਾਂ ਸਹਿੰਦੇ ਹੋਏ ਪੁਰਜਾ-ਪੁਰਜਾ ਹੋ ਕੇ, ਤਿਲ-ਤਿਲ ਕੱਟ ਕੇ ਮੌਤ ਰਾਣੀ ਦੀਆਂ ਬਾਹਾਂ ਵੱਲ ਦੌੜੇ ਜਾ ਰਹੇ ਹਾਂ। ਪਿਛਲੇ ਡੇਢ ਕੁ ਸੌ ਸਾਲ ਤੋਂ ਜਿਸਨੂੰ ਅਸੀਂ 'ਆਧੁਨਿਕ ਜੁੱਗ' ਆਖਦੇ ਹੋਏ ਫੁੱਲੇ ਨਹੀਂ ਸਮਾਉਂਦੇ, ਸਿਰਫ਼ ਤੇ ਸਿਰਫ਼ ਵਾਤਾਵਰਣ ਦੇ ਵਿਗਾੜਾਂ ਕਾਰਨ ਅਸੀਂ ਅਨੇਕਾਂ ਮਰਜ਼ਾਂ ਦੇ ਸ਼ਿਕਾਰ ਹੋ ਗਏ ਹਾਂ। ਪਹਿਲੀ ਵੱਜੀ ਜੰਗ ਜਾਂ ਵੀਹਵੀਂ ਸਦੀ ਦੇ ਸ਼ੁਰੂ ਨੂੰ ਆਧਾਰ ਮੰਨ ਕੇ ਗੱਲ ਕਰਨੀ ਹੋਵੇ ਤਾਂ ਵੀ ਸਿੱਟੇ ਬੜੇ ਦੁੱਖਦਾਈ ਹੀ ਨਿਕਲਦੇ ਹਨ। ਏਸ ਵਕਤ ਤੋਂ ਪਹਿਲਾਂ ਲਾਗ, ਛੂਤ ਜਾਂ ਡਾਕਟਰੀ ਸ਼ਬਦਾਂ ਵਿਚ ਇਨਫ਼ੈਕਸ਼ੀਅਸ ਬਿਮਾਰੀਆਂ ਦੀ ਭਰਮਾਰ ਸੀ। ਫੇਰ ਵਿਗਿਆਨੀਆਂ ਵੱਲੋਂ ਜੀਵਾਣੂੰ ਨਾਸ਼ਕ ਜਾਂ ਐਂਟੀਬਾਓਟਿਕਸ ਨਾਲ ਇਨ੍ਹਾਂ ਰੋਗਾਂ ਨੂੰ ਭਾਵੇਂ ਕੁਝ ਵਕਤੀ ਠੱਲ੍ਹ ਪੈ ਗਈ ਪਰ ਗਲ ਸੜ ਕੇ ਮਰਨ ਜਾਂ ਡੀਜੈਨਰੇਟਿਵ ਰੋਗਾਂ ਦੀ ਤੇ ਜਿਵੇਂ ਕਾਂਗ ਈ ਆ ਚੜ੍ਹੀ ਹੋਵੇ। 1950 ਤੋਂ ਪਹਿਲਾਂ ਪੰਜਾਬ ਵਿਚ ਸ਼ੂਗਰ (ਸ਼ੱਕਰ ਰੋਗ), ਖ਼ੂਨ ਦਾ ਦਬਾਓ ਵਧਣਾ (ਹਾਈਪਰਟੈਂਸ਼ਨ), ਪੀਲੀਆ, ਗੁਰਦੇ ਖਰਾਬ ਹੋਣੇ, ਦਮਾ, ਦਿਲ ਫੇਲ੍ਹ ਹੋਣਾ, ਚਮੜੀ ਰੋਗ ਖਾਸ ਕਰ ਅਲਰਜੀ, ਵਾਇਰਸ ਰੋਗ, ਹੱਡੀਆਂ 'ਚੋਂ ਚੂਨਾ ਘੱਟ ਜਾਣਾ, ਅਧਰੰਗ, ਪੱਠਿਆਂ ਦਾ ਸੁੰਗੜ ਜਾਣਾ, ਏਡਜ਼, ਵੀਰਜ ਵਿਚ ਸ਼ੁਕਰਾਣੂੰਆਂ ਦੀ ਕਮੀ, ਔਰਤਾਂ ਵਿਚ ਬਾਂਝਪਣ ਤੇ ਸਭ ਤੋਂ ਵੱਧ ਖਤਰਨਾਕ ਹਰ ਕਿਸਮ ਦੇ ਕੈਂਸਰ ਵਰਗੇ ਰੋਗਾਂ ਦੀ ਫੀ ਹਜ਼ਾਰ ਅਬਾਦੀ ਵਿਚ ਦਰ ਬਿਲਕੁਲ ਈ ਨਿਗੂਣੀ ਸੀ। ਅਬਾਦੀ ਦਾ ਵਾਧਾ, ਵਾਤਾਵਰਣ ਦਾ ਗੰਧਲਾਪਣ, ਸ਼ਹਿਰੀਕਰਣ, ਸਮੁੱਚੀ ਸੋਚ ਦਾ ਵਪਾਰੀਕਰਣ, ਬਾਜ਼ਾਰੂ ਦ੍ਰਿਸ਼ਟੀਕੋਣ, ਖਪਤਵਾਦ ਤੇ ਭੋਗਵਾਦ ਦੀ ਅੰਨ੍ਹੀ ਦੌੜ, ਤਰੱਕੀ ਉੱਨਤੀ ਦੀ ਮੂਲੋਂ ਈ ਅਣਵਿਗਿਆਨਕ ਸਮਝ, ਕਠਮੁੱਲੇ, ਜਨੂੰਨੀ ਤੇ ਦਰੁਸਤਵਾਦ ਵਰਗੇ ਫਲਸਫ਼ਿਆਂ ਦੀ ਚੜ੍ਹਤ ਇਨ੍ਹਾਂ ਸਾਰੀਆਂ ਵਥਾਵਾਂ ਦੇ ਵਾਧੇ ਲਈ ਪੂਰਣ ਰੂਪ ਵਿਚ ਜ਼ਿੰਮੇਵਾਰ ਨੇ। ਜਦੋਂ ਅਸੀਂ ਇਹ ਮਿੱਥ ਲਿਆ ਕਿ ਮਨੁੱਖ ਕੁਦਰਤ ਦਾ ਇਕ ਨਿਗੂਣਾ ਜਿਹਾ ਭਾਗ ਨਹੀਂ ਉਹਦਾ ਮਾਲਕ ਏ, ਉਹਨੂੰ ਆਪਣੀ ਲੋੜ ਤੇ ਮਰਜ਼ੀ ਮੁਤਾਬਕ ਜਿਵੇਂ ਜੀਅ ਚਾਹੇ ਇਸਤੇਮਾਲ ਕਰ ਸਕਦਾ ਹੈ ਤੇ ਏਸ ਕੁਲਿਹਣੀ ਸੋਚ ਨੂੰ ਵਿਗਿਆਨ ਦੀਆਂ ਲੱਭਤਾਂ ਦੀ ਪੁੱਠ ਚਾੜ੍ਹ ਕੇ ਆਧੁਨਿਕ ਰੰਗਤ ਦੇ ਦਿੱਤੀ, ਤਾਂ ਅਸੀਂ ਲੀਹੋਂ ਲੱਥ ਕੁਰਾਹੇ ਪੈ ਕੇ ਅੱਕੀ-ਪਲਾਹੀਂ ਹੱਥ ਪੈਰ ਮਾਰਨ ਲੱਗੇ। ਖਪਤਵਾਦ ਨੇ ਸਨਅਤਕਾਰੀ ਨੂੰ ਵਧਾਇਆ, ਸਨਅਤਾਂ ਨੇ ਪੁਰਾਣੇ ਕੰਮਾਂ-ਧੰਦਿਆਂ ਨੂੰ ਸੱਟ ਮਾਰੀ, ਅਸੀਂ ਦੁਨੀਆਂ ਨੂੰ, ਲੋਕਾਈ ਨੂੰ ਆਪਣੀ ਕਮਅਕਲੀ ਦਾ ਉਪਦੇਸ਼ ਦੇਣ ਲਈ ਲੱਕ ਬੰਨ੍ਹ ਲਏ। ਕਬਾਇਲੀ, ਦਰਿਆਵਾਂ ਕੰਢੇ ਰਹਿਣ ਵਾਲੇ ਤੇ ਜਾਂਗਲੀ ਲੋਕਾਂ ਨੂੰ ਸੱਭਿਅਕ ਕਰਨ ਦੇ ਨਾਂ ਹੇਠ ਅਸਾਂ ਉਨ੍ਹਾਂ ਨੂੰ ਆਦਸ਼ਕ, ਹੈਜ਼ਾ, ਟੀ.ਬੀ. ਤੇ ਪੀਲੀਏ ਦਾ ਪ੍ਰਸ਼ਾਦ ਵਰਤਾਇਆ। ਉਨ੍ਹਾਂ ਦੀ ਕੁਦਰਤ ਨਾਲ ਇਕਮਿਕ ਹੋ ਕੇ ਜੀਣ ਦੀ ਜਾਂਚ ਨੂੰ ਖੋਹ ਲਿਆ ਤੇ ਆਪਣੀ ਸੌੜੀ ਸੋਚ ਉਨ੍ਹਾਂ 'ਤੇ ਠੋਸਣ ਤੇ ਅਪਨਾਉਣ ਲਈ ਉਨ੍ਹਾਂ ਨੂੰ ਮਜ਼ਬੂਰ ਕੀਤਾ। ਜਿਸ ਦੇ ਨਤੀਜੇ ਸਾਡੇ ਸਾਹਮਣੇ ਨੇ।

ਵਾਤਾਵਰਣ ਸਿੱਧੇ ਅਤੇ ਅਸਿੱਧੇ ਤੌਰ 'ਤੇ ਮਨੁੱਖੀ ਸਿਹਤ 'ਤੇ ਅਸਰ ਪਾਉਂਦੇ ਰਹਿੰਦਾ ਏ। ਤੇਜ਼ ਗਰਮੀ, ਕੜਾਕੇਦਾਰ ਠੰਢ, ਬੇਹੱਦ ਸਿੱਲ੍ਹਾ ਮੌਸਮ, ਔੜ ਤੇ ਸੋਕਾ, ਹੜ੍ਹ, ਝੱਖੜ, ਹਨੇਰੀਆਂ ਦੇ ਸਿਹਤ ਉੱਤੇ ਪੈਣ ਵਾਲੇ ਪ੍ਰਭਾਵਾਂ ਤੋਂ ਅਸੀਂ ਸਾਰੇ ਜਾਣੂੰ ਹਾਂ। ਰੁੱਖਾਂ-ਜੰਗਲਾਂ ਦੀ ਅਣਹੋਂਦ, ਧੂੰਆਂ, ਘੱਟਾ-ਮਿੱਟੀ, ਜ਼ਹਿਰੀਲੀਆਂ ਗੈਸਾਂ, ਕਾਰਖਾਨਿਆਂ ਵਿਚੋਂ ਰਿਸਦੇ ਰਸਾਇਣਕ ਪਦਾਰਥ ਸਾਡੀ ਤੰਦਰੁਸਤੀ ਦਾ ਮਲੀਆ ਮੇਟ ਕਰ ਰਹੇ ਹਨ। ਘਰਾਂ, ਹਸਪਤਾਲਾਂ, ਸਕੂਲਾਂ, ਦਫ਼ਤਰਾਂ, ਦੁਕਾਨਾਂ, ਵਪਾਰਕ ਅਦਾਰਿਆਂ ਤੇ ਸਨਅਤੀ ਇਲਾਕਿਆਂ ਦਾ ਆਪੋ-ਆਪਣਾ ਅੱਡੋ-ਅੱਡ ਵਾਤਾਵਰਣ ਹੁੰਦਾ ਏ। ਉਹਦੇ ਪਲੀਤ ਹੋਣ ਨਾਲ ਮਨੁੱਖੀ ਸਿਹਤ ਵਿਚ ਅਨੇਕਾਂ ਵਿਗਾੜ ਪੈ ਸਕਦੇ ਨੇ। ਖੇਤੀਬਾੜੀ, ਪਸ਼ੂਪਾਲਣ, ਖੇਤੀ ਨਾਲ ਸੰਬੰਧਤ ਹੋਰ ਧੰਦੇ ਵੀ ਸਿਹਤ ਤੇ ਅਸਰ ਅੰਦਾਜ਼ ਹੁੰਦੇ ਨੇ। ਫ਼ਿਕਰ, ਚਿੰਤਾ, ਡਰ, ਭੱਜ-ਦੌੜ ਵਾਲਾ ਤੇ ਹਿੰਸਕ ਮਾਹੌਲ ਵੀ ਸਾਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਸਕਦਾ ਏ।

ਅਖਾਉਤੀ ਹਰੇ ਇਨਕਲਾਬ ਤੋਂ ਬਾਅਦ ਪੰਜਾਬੀਆਂ ਦੀ ਸਿਹਤ ਉੱਤੇ ਪਏ ਪ੍ਰਤੱਖ ਅਸਰ ਸਾਹਮਣੇ ਆਏ ਨੇ ਜਿਨ੍ਹਾਂ ਦਾ ਸਿੱਧਾ ਸਬੰਧ ਵਾਤਾਵਰਣ ਦੀ ਪਲੀਤੀ ਨਾਲ ਜੁੜਿਆ ਹੋਇਆ ਏ। ਕੀੜੇਮਾਰ ਦਵਾਈਆਂ, ਰਸਾਇਣਕ ਖਾਦਾਂ, ਦੋਗਲੇ ਬੀਜਾਂ ਦੀ ਵਰਤੋਂ ਵੱਡੀ ਪੱਧਰ ਉੱਤੇ 1970 ਤੋਂ ਬਾਅਦ ਸ਼ੁਰੂ ਹੋਈ। ਇਹ ਅਸਲ ਵਿਚ ਰਸਾਇਣਕ ਜ਼ਹਿਰਾਂ ਹਨ ਜਿਹੜੀਆਂ ਕੁਝ ਉੱਡ ਕੇ ਹਵਾ ਵਿਚ ਰਲ ਜਾਂਦੀਆਂ ਨੇ, ਕੁਝ ਹਿੱਸਾ ਪੌਦਿਆਂ ਦੀਆਂ ਜੜ੍ਹਾਂ-ਪੱਤਿਆਂ ਰਾਹੀਂ ਬੂਟਿਆਂ ਦੇ ਫਲਾਂ, ਅਨਾਜਾਂ, ਸ਼ਬਜ਼ੀਆਂ, ਦਾਲਾਂ ਦੇ ਦਾਣਿਆਂ ਵਿਚ ਚਲਾ ਜਾਂਦਾ ਹੈ। ਬਚਦਾ ਜ਼ਮੀਨ ਵਿਚ ਜ਼ੀਰ ਕੇ, ਜਜ਼ਬ ਹੋ ਕੇ ਧਰਤੀ ਹੇਠਲੇ ਪਾਣੀ ਤੀਕਰ ਪਹੁੰਚ ਜਾਂਦਾ ਹੈ। ਏਸ ਪਾਣੀ ਤੱਕ ਪੁੱਜਣ ਲਈ 20-25 ਸਾਲ ਦਾ ਸਮਾਂ ਦਰਕਾਰ ਹੁੰਦਾ ਏ। ਇਨ੍ਹਾਂ ਰਸਾਇਣਕ ਜ਼ਹਿਰਾਂ ਦੀ ਮਿਕਦਾਰ ਮਨੁੱਖੀ ਸਰੀਰਾਂ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਏ। ਅਨਾਜ, ਫਲ, ਸਬਜ਼ੀਆਂ, ਸਾਗ ਤੇ ਚਾਰੇ ਉੱਤੇ ਸਿੱਧੇ ਰੂਪ ਵਿਚ ਅਸਰ ਕਰਦੀਆਂ ਨੇ। ਪਸ਼ੂਆਂ ਦੇ ਚਾਰੇ ਤੇ ਵੰਡ ਦੇ ਵਿਚ ਰਚੀਆਂ ਇਹ ਜ਼ਹਿਰਾਂ ਦੁੱਧ ਵਿਚ ਅੱਪੜ ਜਾਂਦੀਆਂ ਨੇ। ਇਵੇਂ ਈ ਮੁਰਗੀਆਂ ਦੀ ਖੁਰਾਕ ਵਿਚਲੇ ਰਸਾਇਣਕ ਜ਼ਹਿਰੀਲੇ ਪਦਾਰਥ ਆਂਡਿਆਂ ਅਤੇ ਮੀਟ ਵਿਚ ਚਲੇ ਜਾਂਦੇ ਨੇ। ਏਥੋਂ ਤੀਕਰ ਕਿ ਪੰਜਾਬਣ ਮਾਵਾਂ ਦੇ ਦੁੱਧ ਵਿਚ ਵੀ ਰਸਾਇਣਕ ਪਦਾਰਥਾਂ ਦੀ ਮਿਕਦਾਰ ਹੱਦ ਨਾਲੋਂ 50 ਗੁਣਾ ਤੀਕਰ ਵੱਧ ਗਈ ਏ। ਜਿਹੜੀਆਂ ਗੋਲੀਆਂ ਦਾਲਾਂ-ਅਨਾਜ ਨੂੰ ਸੁੱਸਰੀ ਢੋਰੇ ਤੋਂ ਬਚਾਉਣ ਲਈ ਡਰੱਮਾਂ ਵਿਚ ਰੱਖੀਆਂ ਜਾਂਦੀਆਂ ਨੇ ਉਹ ਵੀ ਸਾਡੀ ਖੁਰਾਕ ਕੜੀ ਵਿਚ ਦਾਖਲ ਹੋ ਜਾਂਦੀਆਂ ਨੇ। ਸਾਡੀਆਂ ਸਬਜ਼ੀਆਂ, ਦੁੱਧ, ਦਹੀਂ, ਖੋਆ, ਪਨੀਰ, ਮੀਟ,ਫਲ, ਅਨਾਜ, ਮਠਿਆਈਆਂ, ਗੱਲ ਕੀ ਸਾਰੇ ਦੇ ਸਾਰੇ ਖਾਣ ਵਾਲੇ ਪਦਾਰਥ ਪ੍ਰਦੂਸ਼ਣ ਦੀ ਮਾਰ ਹੇਠ ਆ ਕੇ ਸਿਹਤਾਂ ਖਰਾਬ ਕਰਨ ਲਈ ਜ਼ਿੰਮੇਵਾਰ ਨੇ।

ਹਵਾ ਜਿਸ ਵਿਚ ਸਾਡੇ ਲਈ ਕੁਦਰਤ ਦੀ ਅਨਮੋਲ ਦਾਤ 'ਆਕਸੀਜਨ' ਜੀਵਨ ਦੀ ਮੁੱਢਲੀ ਲੋੜ ਹੈ ਦੇ ਦੂਸ਼ਿਤ ਹੋਣ ਕਾਰਨ ਜ਼ਹਿਰੀਲੀ ਹੋ ਚੁੱਕੀ ਏ। ਨਾਈਟਰੋਜਨ ਤੇ ਸਲਫਰ ਦੀਆਂ ਜ਼ਹਿਰੀਲੀਆਂ ਗੈਸਾਂ ਜਿਨ੍ਹਾਂ ਦਾ ਸ੍ਰੋਤ ਮੋਟਰ-ਗੱਡੀਆਂ, ਕਾਰਖਾਨੇ, ਖਾਦਾਂ ਤੇ ਕੀਟਨਾਸ਼ਕ ਆਦਿ ਹਨ ਕਾਰਨ- ਸਾਡੇ ਫੇਫੜੇ, ਅੱਖਾਂ, ਜਿਗਰ ਤੇ ਦਿਲ ਉੱਤੇ ਅਸਰ ਪਾ ਰਹੀਆਂ ਨੇ। ਪਿਛਲੇ ਸਮੇਂ ਵਿਚ ਚਮੜੀ ਰੋਗਾਂ ਅਤੇ ਅਲਰਜੀ ਵਾਲੀਆਂ ਬੀਮਾਰੀਆਂ ਦੇ ਵਾਧੇ ਦਾ ਇਕ ਵੱਡਾ ਕਾਰਨ ਪ੍ਰਦੂਸ਼ਤਹਵਾ ਹੈ। ਪ੍ਰਦੂਸ਼ਣ ਤੇ

ਵਾਤਾਵਰਨ ਦਾ ਗੰਧਲਾਪਣ, ਵਿਗਿਆਨਕ ਵਸਤਾਂ ਦੀ ਅਣਵਿਗਿਆਨਕ ਵਰਤੋਂ ਕਾਰਨ ਧਰਤੀ ਨੂੰ ਬੰਜਰ ਈ ਨਹੀਂ ਕਰ ਰਿਹਾ ਸਗੋਂ ਰਸਾਇਣਕ ਕਾਰਨਾਂ ਕਰਕੇ ਮਿੱਟੀ ਦੀ ਤਾਸੀਰ ਈ ਬਦਲੀ ਜਾ ਰਿਹਾ ਹੈ। ਸਾਨੂੰ ਚੀਚ ਵਹੁਟੀਆਂ, ਗੰਡੋਏ, ਡੱਡੂ ਤੇ ਅਨੇਕਾਂ ਜੀਵ-ਜੰਤੂਆਂ ਦੀ ਅਲੋਪ ਹੋਣ ਦੀ ਦਰ ਤੋਂ ਚੌਕੰਨੇ ਹੋ ਜਾਣਾ ਚਾਹੀਦਾ ਏ- ਕਿਧਰੇ ਆਦਮ ਦੀ ਜਾਤ ਦਾ ਹਸ਼ਰ ਵੀ ਉਨ੍ਹਾਂ ਵਾਲਾ ਈ ਹੋਣ ਵਾਲਾ ਤੇ ਨਹੀਂ!

ਨਿੱਘ, ਗਰਮੀ ਤੇ ਜੀਵਨ ਦਾ ਇਕ ਹੋਰ ਸੋਮਾ ਧੁੱਪ ਵੀ ਵਾਤਾਵਰਣ ਦੇ ਪਲੀਤੇ ਹੋਣ ਕਾਰਨ ਸਾਡੇ ਜਿਸਮਾਂ ਲਈ ਖਤਰਨਾਕ ਬਣਦੀ ਜਾ ਰਹੀ ਏ। ਜ਼ਹਿਰੀਲੀਆਂ ਗੈਸਾਂ ਕਾਰਨ ਹਵਾ ਦੀ ਬਣਤਰ ਬਦਲ ਰਹੀ ਹੈ ਤੇ ਸੂਰਜ ਦੀਆਂ ਜ਼ਹਿਰੀ ਕਿਰਨਾਂ ਤੋਂ ਬਚਾਉਣ ਵਾਲੀ ਓਜ਼ੋਨ ਛਤਰੀ ਵਿਚ ਸਾਡੀ ਖ਼ੁਦਗਰਜ਼ ਨਸਲ ਨੇ ਮਘੋਰੇ ਕਰਕੇ ਚਮੜੀ ਦੇ ਕੈਂਸਰ, ਅੱਖਾਂ ਤੇ ਖ਼ੂਨ ਦੀਆਂ ਬੀਮਾਰੀਆਂ ਨੂੰ ਨਿਉਂਦਾ ਦੇ ਦਿੱਤਾ ਏ। ਇਨਫਰਾ ਰੈਡ ਤੇ ਅਲਟਰਾ ਵਾਇਓਲਿਟ ਕਿਰਨਾਂ ਬਿਨਾਂ ਕਿਸੇ ਰੋਕ ਟੋਕ ਤੋਂ ਸਾਡੀਆਂ ਸਿਹਤਾਂ ਨੂੰ ਵਿਗਾੜ ਰਹੀਆਂ ਨੇ।

ਪੰਜਾਬ ਵਿਚ ਈ ਜੇਕਰ ਪਿਛਲੇ ਸਿਰਫ਼ ਤੀਹ ਕੁ ਸਾਲਾਂ ਦੇ ਸਮੇਂ 'ਤੇ ਈ ਝਾਤੀ ਮਾਰੀਏ ਤਾਂ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਨ ਸ਼ੂਗਰ, ਹਰ ਕਿਸਮ ਦੇ ਕੈਂਸਰ, ਪੀਲੀਏ, ਗੁਰਦੇ ਦੀਆਂ ਬੀਮਾਰੀਆਂ, ਚਮੜੀ ਰੋਗ, ਸਾਹ ਵਾਲੀਆਂ ਬੀਮਾਰੀਆਂ, ਅਲਰਜੀ, ਦਮਾ, ਬਲੱਡ ਪ੍ਰੈਸ਼ਰ, ਅੱਖਾਂ, ਕੰਨਾਂ ਤੇ ਗਲ ਦੇ ਰੋਗਾਂ ਦਾ ਜਿਵੇਂ ਹੜ੍ਹ ਈ ਆ ਗਿਆ ਹੋਵੇ। ਸ਼ੋਰ ਜਾਂ ਰੌਲੇ-ਰੱਪੇ ਨੇ ਸਿਰਫ਼ ਕੰਨਾਂ 'ਤੇ ਈ ਅਸਰ ਨਹੀਂ ਪਾਇਆ ਸਗੋਂ ਅਸੀਂ ਉੱਚੀ ਬੋਲਣ ਦੇ ਆਦੀ ਹੋ ਕੇ ਆਪਣੇ ਗਲੇ ਵੀ ਖਰਾਬ ਕਰ ਰਹੇ ਹਾਂ। ਮਾਨਸਿਕ ਤੌਰ ਉੱਤੇ ਡੌਰ ਭੌਰ ਹੋ ਕੇ ਆਪਣੀ ਸੋਚਣ ਸ਼ਕਤੀ ਵੀ ਗਵਾ ਰਹੇ ਹਾਂ। ਦਿਮਾਗ਼ੀ ਬਿਮਾਰੀਆਂ ਵਿਚ ਵੀ ਬੇਹੱਦ ਵਾਧਾ ਹੋ ਰਿਹਾ ਹੈ।

ਵਾਤਾਵਰਨ ਦੇ ਗੰਧਲੇਪਣ ਦਾ ਕਾਰਨ ਭਾਵੇਂ ਸਾਡੀਆਂ ਭੋਗਵਾਦੀ ਰੁਚੀਆਂ ਨੂੰ ਈ ਮੰਨਿਆ ਜਾ ਰਿਹਾ ਹੈ ਪਰ ਅਸਲ ਵਿਚ ਧਨਵਾਨ ਮੁਲਕਾਂ, ਵੱਡੀਆਂ-ਵੱਡੀਆਂ ਕੌਮਾਂਤਰੀ ਵਪਾਰਕ ਕਾਰਪੋਰੇਸ਼ਨਾਂ, ਖੋਹ ਖਿੰਝ ਵਾਲੇ ਨਿਜ਼ਾਮ ਤੇ ਸਾਇੰਸ ਦੀ ਕੁਵਰਤੋਂ ਇਹਦਾ ਪਿਛੋਕੜ ਏ। ਮਨੁੱਖ ਸਿਰਫ਼ ਆਪਣੇ-ਆਪ ਤੋਂ ਅਗਾਂਹ ਵੇਖਣ ਤੋਂ ਮੁਨਕਰ ਹੋ ਕੇ ਸਮੁੱਚੇ ਮਨੁੱਖੀ ਭਾਈਚਾਰੇ, ਜੀਵ-ਜੰਤੂਆਂ ਦੀ ਦੁਨੀਆਂ ਤੇ ਕਾਇਨਾਤ ਦਾ ਮੁੱਲਵਾਨ ਤੇ ਸੂਝ-ਸਮਝ ਵਾਲਾ ਹਿੱਸਾ ਬਨਣ ਦੀ ਥਾਂ ਉਹਦੇ ਉੱਤੇ ਆਪਣੀ ਸਿੱਕਦਾਰੀ ਕਾਇਮ ਕਰਨ ਦੇ ਆਹਰ ਵਿਚ ਲੀਹੋਂ ਹੱਥ ਗਿਆ ਏ। ਉਹ ਆਪਣੀ ਸਿਹਤ ਦੀ ਬੇਹਤਰੀ ਤੇ ਵਿਕਾਸ ਨੂੰ ਭੁੱਲ ਕੇ ਤਬਾਹੀ ਵਾਲੇ ਰਾਹੇ ਤੁਰ ਪਿਆ ਹੈ।

ਸਿਹਤ ਸੰਭਾਲ ਲਈ ਇਹ ਗੱਲ ਮਨ ਵਿਚ ਵਸਾ ਲੈਣੀ ਅਤਿਅੰਤ ਜ਼ਰੂਰੀ ਹੈ ਕਿ ਜਿਓਂ-ਜਿਓਂ ਅਸੀਂ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਵਾਂਗੇ, ਮਿੱਟੀ ਨਾਲੋਂ, ਹਵਾ ਨਾਲੋਂ, ਧੁੱਪ ਨਾਲੋਂ ਸਾਕਾਦਾਰੀ ਤੋੜਦੇ ਰਵ੍ਹਾਂਗੇ ਸਾਨੂੰ ਰੋਗਾਂ, ਜ਼ਹਿਮਤਾਂ, ਬਿਮਾਰੀਆਂ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗਣ ਤੋਂ ਕੋਈ ਰੋਕ ਨਹੀਂ ਸਕਦਾ। ਵਾਤਾਵਰਣ ਨੂੰ ਗੰਧਲਾ ਕਰਕੇ, ਕੁਦਰਤ ਨਾਲ ਛੇੜਛਾੜ ਕਰਕੇ, ਅਸੀਂ ਓਹੋ ਈ ਟਾਹਣ ਵੱਢ ਰਹੇ ਆਂ ਜਿਥੇ ਸਾਡਾ ਆਲ੍ਹਣਾ ਏ। ਆਪਣੀ ਸਿਹਤ ਦੀ ਬੇਹਤਰੀ ਲਈ ਸਾਨੂੰ ਗੱਲਾਂ ਨਾਲੋਂ ਵੱਧ ਅਮਲੀ ਤੌਰ 'ਤੇ ਮੈਦਾਨ ਵਿਚ ਨਿਤਰਨਾ ਪੈਣਾ ਏ। ਰੁੱਖਾਂ, ਜੰਗਲਾਂ ਹੇਠ ਰਕਬੇ ਦਾ ਵਾਧਾ ਭਾਵੇਂ ਸਾਡੀ ਲੋੜ ਏ ਪਰ ਬਿਰਛਾਂ ਨਾਲ ਰਿਸ਼ਤੇਦਾਰੀ ਪੁਨਰ ਜੀਵਤ ਕਰਕੇ ਆਪਣੀ ਧਰਤੀ ਨੂੰ ਈ ਹਰਿਆ ਭਰਿਆ ਨਹੀਂ ਕਰਾਂਗੇ ਸਗੋਂ ਜਾਨਵਰਾਂ ਦੀਆਂ ਰਿਹਾਇਸ਼ ਗਾਹਵਾਂ, ਦਰਿਆਵਾਂ, ਨਾਲਿਆਂ, ਪਹਾੜਾਂ, ਮੈਦਾਨਾਂ ਨੂੰ ਵੀ ਸਿਹਤਮੰਦ ਰੱਖ ਰਹੇ ਹੋਵਾਂਗੇ। ਸਾਡੇ ਬਾਬੇ ਆਖ ਗਏ ਨੇ-

**ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੁਤ।**
**ਦਿਵਸ ਰਾਤ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**

ਇਨ੍ਹਾਂ ਸ਼ਬਦਾਂ ਵਿਚ ਵਿਗਿਆਨਕ ਅਰਥਲੁਕੇ ਹੋਏ ਨੇ-ਧਰਤੀ ਨੂੰ ਪੂਰਬੀ ਫਲਸਫਿਆਂ ਵਿਚ ਮਾਂ ਜਾਂ ਇਸਤਰੀ ਨਾਲ ਤੁਲਨਾ ਦਿੱਤੀ ਗਈ ਏ ਤੇ ਪਾਣੀ ਸਵਾਤੀ ਬੂੰਦ, ਮਰਦ ਦੇ ਵੀਰਜ ਦੀ ਸੰਗਿਆ ਏ। ਜਦੋਂ ਇਹ ਦੋਵੇਂ ਮਿਲਦੇ ਨੇ ਤਾਂ ਇਨ੍ਹਾਂ ਵਿਚ ਗਿਆਨ, ਸੋਝੀ, ਪਵਣ ਆਕਸੀਜਨ ਰਾਹੀਂ ਆਉਂਦੀ ਏ। ਇਨ੍ਹਾਂ ਸਾਰੇ ਤੱਤਾਂ ਨੂੰ ਅਨੁਕੂਲ ਹਾਲਾਤ, ਨਿੱਘ, ਠੰਢਕ, ਸੂਰਜੀ ਚੱਕਰ, ਦਿਵਸ ਰਾਤ ਬਖਸ਼ਦੇ ਨੇ। ਫਿਰ ਈ ਸੰਭਵ ਏ ਸਿਹਤਮੰਦ ਜਗਤ ਦਾ ਵਿਕਾਸ। ਅਸਾਂ ਏਸ ਸਿੱਖਿਆ ਨੂੰ ਸਾਹਮਣੇ ਰੱਖਦੇ ਹੋਏ ਤੁਰਨਾ ਏ। ਜੇ ਅਵੇਸਲੇ ਹੋ ਗਏ, ਘੇਸਲ ਵੱਟ ਛੱਡੀ ਫੇਰ ਸਿਆਣਿਆਂ ਦਾ ਮੱਤ ਏ ਕਿ ਸਿਰਫ਼ ਅਗਲੇ ਪੰਜਾਹਾਂ ਕੁ ਸਾਲਾਂ ਵਿਚ ਈ ਪਰਲੋ ਆਉਣ ਵਾਲੀ ਏ ਜਦੋਂ ਸਭ ਕੁਝ ਤਹਿਸ-ਨਹਿਸ ਹੋ ਜਾਵੇਗਾ। ਏਹਦੇ ਲਈ ਐਟਮੀ ਧਮਾਕਿਆਂ, ਜੰਗਾਂ-ਯੁੱਧਾਂ, ਤੋਪਾਂ-ਬੰਦੂਕਾਂ, ਰਾਜ ਪਲਟਿਆਂ, ਇਨਕਲਾਬਾਂ ਦੀ ਕੋਈ ਜ਼ਰੂਰਤ ਨਹੀਂ। ਵਾਤਾਵਰਣ ਵਿਚ ਵਾਪਰ ਰਹੀਆਂ ਤਬਦੀਲੀਆਂ ਸਾਨੂੰ ਏਡਜ਼, ਵਾਇਰਸ ਰੋਗ, ਹੈਪਾਟਾਈਟਸ ਕੈਂਸਰ, ਤਪਦਿਕ ਵਰਗੇ ਅਤਿ ਭਿਆਨਕ ਰੋਗਾਂ ਵੱਲ ਬੜੇ ਜ਼ੋਰ-ਸ਼ੋਰ ਨਾਲ ਧੱਕ ਰਹੀਆਂ ਨੇ।

ਅਸਾਂ ਆਪ ਈ ਜੀਣਾ ਤੇ ਸਿਹਤਮੰਦ ਨਹੀਂ ਰਹਿਣਾ, ਨਾਲੋ-ਨਾਲ ਸਮੁੱਚੇ ਜਲ-ਥਲ ਦੇ ਜੀਵਾਂ, ਪਸ਼ੂ-ਪੰਛੀਆਂ, ਡੱਡੂਆਂ-ਮੱਛੀਆਂ ਨੂੰ ਜੀਣ ਦੇਣਾ ਹੈ। ਇਹ ਤਾਂ ਈ ਸੰਭਵ ਹੋ ਸਕੇਗਾ ਜੇ ਅਸਾਂ ਮਾਂ ਧਰਤੀ ਦਾ ਆਦਰ-ਸਤਿਕਾਰ ਕਰਦਿਆਂ ਹੋਇਆਂ, ਆਪਣੀਆਂ ਭੋਗਵਾਦੀ ਰੁਚੀਆਂ ਨੂੰ ਲਗਾਮ ਦੇ ਕੇ ਰੱਖਦਿਆਂ ਹੋਇਆਂ ਏਸ ਸੁਹਾਵੀ ਧਰਤ ਨੂੰ ਸਰਬਤ ਦੇ ਭਲੇ ਲਈ ਤੇ ਸਿਹਤਮੰਦ ਵਸੇਬੇ ਲਈ ਸਾਂਭ ਕੇ ਰੱਖਾਂਗੇ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਕਾਵਿ-ਕਿਆਰੀ

**ਲ਼ਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ**



## ਜ਼ੁਲਮ

ਤੂੰ ਜ਼ੁਲਮ ਕਰਨੋ ਨਹੀਂ ਹੱਟਣਾ
ਪਰ ਮੈਂ ਜ਼ੁਲਮ ਸਹਿਣੋ ਹੱਟ ਜਾਣਾ ਹੈ।
ਕਿੰਨਾ ਕੁ ਚਿਰ ਆਵਾਂਗਾ ਤੇਰੇ ਦਰਬਾਰ ਵਿਚ
ਸਿਰ ਨੂੰ ਝੁਕਾ ਕੇ?
ਹੁਣ ਜਦੋਂ ਵੀ ਕਿਤੇ ਆਇਆ
ਸਿਰ ਨੂੰ ਤਲੀ ਉਤੇ ਟਿਕਾ ਕੇ ਆਵਾਂਗਾ।
ਸਿਰ ਉਤੇ ਟਿਕਾਇਆ ਸਿਰ ਪਾ ਦਿੰਦਾ ਹੈ।
ਜ਼ਾਲਮ ਰਾਜ ਦਰਬਾਰਾਂ ਵਿਚ ਤ੍ਰੇੜਾਂ
ਅਤੇ ਕਰ ਦਿੰਦਾ ਹੈ ਤਬਾਹ ਸਲਤਨਤਾਂ ਨੂੰ।
ਜਦੋਂ ਮੈਂ ਆਪਣਾ ਸਿਰ ਲਾਹ ਕੇ ਰੱਖ ਲਿਆ
ਆਪਣੀ ਹੀ ਤਲੀ 'ਤੇ, ਫਿਰ ਕੀ ਬਣੂ ਤੇਰੇ ਸਿਰ ਦਾ?
ਫਿਰ ਤੇਰੀ ਜ਼ਾਲਮ ਸੋਚ ਦੀ ਕਬਰ ਬਣੇਗੀ।
ਫਿਰ ਤੇਰੇ ਖ਼ੂਨ ਦੇ ਪਿਆਸੇ ਢਿੱਡ ਪਿਆਸੇ ਮਰ ਜਾਣਗੇ
ਫਿਰ ਤੈਨੂੰ ਪਾਣੀ ਦੀ ਬੂੰਦ ਨਸੀਬ ਨਹੀਂ ਹੋਣੀ।
ਕਿਉਂਕਿ ਉਦੋਂ ਤੱਕ ਮੈਂ ਪੀ ਲਿਆ ਹੋਵੇਗਾ-ਅੰਮ੍ਰਿਤ
ਅੰਮ੍ਰਿਤ ਜਿਸ ਨੇ ਕਰਵਾਈ ਹੈ ਸੱਚ ਦੀ ਪਛਾਣ
ਅੰਮ੍ਰਿਤ, ਜਿਸ ਨੇ ਪਹਿਲਾਂ ਸਿਰ ਲੈ ਕੇ ਮੈਨੂੰ
ਬਖਸ਼ੀ ਹੈ ਜੀਵਨ ਦੀ ਉਹ ਸੌਗਾਤ
ਜਿੱਥੋਂ ਮਸਾਂ ਮਸਾਂ ਤੇ ਹੁਣ ਪਤਾ ਲੱਗਾ ਹੈ
ਕਿ ਜ਼ੁਲਮ ਕਨਰਾ ਤੇ ਪਾਪ ਹੈ
ਪਰ ਜ਼ੁਲਮ ਸਹਿਣਾ ਉਸ ਤੋਂ ਵੀ ਵੱਡਾ ਪਾਪ ਹੈ।

## ਸ਼ਬਦਾਂ ਦੇ ਸੰਜੋਗ

* ਪਰਛਾਵੇਂ ਨੂੰ ਜਿੱਤਣਾ ਨਹੀਂ ਹੁੰਦਾ, ਸਮਝਣਾ ਹੁੰਦਾ ਹੈ ਕਿ ਇਸ ਦੀ ਹੋਂਦ ਨਹੀਂ ਹੈ। ਸੰਸਾਰ ਨੂੰ ਵੀ ਜਿੱਤਣਾ ਨਹੀਂ ਹੁੰਦਾ, ਸਮਝਣਾ ਹੁੰਦਾ ਹੈ ਕਿ ਇਸ ਦੀ ਹੋਂਦ ਨਹੀਂ ਹੈ।
* ਜੇ ਗੁਰੂ ਨੂੰ ਰੱਬ ਮੰਨ ਲਿਆ ਜਾਵੇ ਤਾਂ ਗੁਰੂ ਕੋਲੋਂ ਪ੍ਰਾਪਤ ਕਰਨ ਵਾਲੀ ਸਿੱਖਿਆ ਤੋਂ ਵਾਂਝਿਆ ਰਹਿ ਜਾਈਦਾ ਹੈ। ਮਹਿਬੂਬ ਅਤੇ ਗੁਰੂ ਰੱਬ ਨਹੀਂ ਹੁੰਦੇ, ਰੱਬ ਵਰਗੇ ਜ਼ਰੂਰ ਹੁੰਦੇ ਹਨ।
* ਸ਼ਰਾਬ ਪੀਣਾ ਪਾਪ ਨਹੀਂ ਭੁੱਲ ਹੈ ਮਾਸ ਖਾਣਾ ਭੁੱਲ ਨਹੀਂ ਪਾਪ ਹੈ।
* ਵਿਗਿਆਨ ਅਨੁਸਾਰ ਜਿੰਨੀ ਗਤੀ ਤੇਜ਼ ਹੋ ਜਾਂਦੀ ਹੈ, ਓਨੀ ਸ਼ਕਤੀ ਵਧੇਰੇ ਹੋ ਜਾਂਦੀ ਹੈ ਪਰ ਧਰਮ ਅਨੁਸਾਰ ਜਿੰਨੀ ਗਤੀ ਮੱਧਮ ਹੋ ਜਾਂਦੀ ਹੈ ਓਨਾ ਧਿਆਨ ਲੱਗਦਾ ਹੈ ਅਤੇ ਸ਼ਕਤੀ ਇਕੱਠੀ ਹੁੰਦੀ ਹੈ।
* ਸਾਨੂੰ ਦੂਜੇ ਧਰਮਾਂ ਬਾਰੇ ਵਾਕਫ਼ੀਅਤ ਨਹੀਂ ਹੁੰਦੀ, ਇਸ ਕਰਕੇ ਅਸੀਂ ਸਿਰਫ਼ ਆਪਣੇ ਧਰਮ ਨੂੰ ਸਭ ਤੋਂ ਵੱਡਾ ਕਹਿ ਦਿੰਦੇ ਹਾਂ।
* ਸੋਨੇ ਦੇ ਪਰਬਤ ਉਤੇ ਰਹਿਣ ਵਾਲੇ ਲੋਕ ਸੋਨੇ ਦਾ ਭਾਅ ਨਿਸ਼ਚਿਤ ਨਹੀਂ ਕਰਦੇ।
* ਜਿਸ ਦੁਨੀਆਂ ਵਿਚ ਸੋਨੇ ਤੇ ਮਿੱਟੀ ਵਿਚ ਕੋਈ ਫ਼ਰਕ ਨਾ ਸਮਝਿਆ ਜਾਂਦਾ ਹੋਵੇ ਉਸ ਦੁਨੀਆਂ ਵਿਚ ਯੁੱਧ ਹੋਣ ਦੇ ਆਸਾਰ ਘੱਟ ਹੁੰਦੇ ਹਨ।
* ਮੈਂ ਬੇਕਸੂਰ ਪੂਰਨ ਹਾਂ ਤੇ ਖੂਹ ਵਿਚ ਡਿੱਗਿਆ ਹੋਇਆ ਹਾਂ, ਲੋੜ ਹੈ ਇਕ ਗੋਰਖ ਨਾਥ ਦੀ ਜੋ ਮੇਰੀ ਵਫ਼ਾ ਨੂੰ ਪਰਖਣ ਲਈ ਕੱਚਾ ਧਾਗਾ ਮੇਰੇ ਇਸ ਖੂਹ ਵਿਚ ਸੁੱਟੇ ਤੇ ਮੈਨੂੰ ਇਹ ਖੂਹ ਵਿੱਚੋਂ ਬਾਹਰ ਕੱਢ ਦੇਵੇ।

**ਹਰਬਖ਼ਸ਼ ਸਿੰਘ ਟਾਹਲੀ**

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਬਾਬਾ ਮੱਖਣ ਸ਼ਾਹ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 05-03-2019 ਤੋਂ 14-03-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਪ੍ਰੀਤ ਮੋਹਿੰਦਰ ਸਿੰਘ | 1100/- | ਆਈ-228 | 05-03-2019 |
| | ਪੁੱਤਰ-ਕਰਨਲ ਮੱਖਣ ਸਿੰਘ, ਮਕਾਨ ਨੰ-2094, ਫੇਸ-7, ਮੋਹਾਲੀ। | | | |
| | (ਆਪਣੇ ਪਿਤਾ ਕਰਨਲ ਮੱਖਣ ਸਿੰਘ ਦੀ ਪਹਿਲੀ ਬਰਸੀ ਤੇ ਦਾਨ ਦਿੱਤੇ।) | | | |
| 2. | ਸ. ਜਗਮੋਹਨ ਸਿੰਘ | 1000/- | ਆਈ-229 | 08-03-2019 |
| | ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | | | |
| 3. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 1100/- | ਆਈ-230 | 08-03-2019 |
| | ਮਕਾਨ .ਨੰ-2218, ਸੈਕਟਰ-38ਸੀ, ਚੰਡੀਗੜ੍ਹ। | | | |
| 4. | ਪੰਡਿਤ ਸ਼੍ਰੀ ਰਾਮ ਕੁਮਾਰ, | 500/- | ਆਈ-231 | 14-03-2019 |
| | ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ। | | | |
| 5. | ਕਮਾਂਡਰ ਜੋਗਿੰਦਰ ਸਿੰਘ | 10,000/- | ਆਈ-232 | 14-03-2019 |
| | ਮਕਾਨ ਨੰ-2368, ਫੇਸ-11, ਮੋਹਾਲੀ। | | | |
| | (ਭਵਨ ਨੂੰ ਕੰਬਲਾਂ ਵਾਸਤੇ ਸਤਿਕਾਰ ਸਹਿਤ ਦਾਨ ਲਈ ਦਿੱਤੇ।) | | | |
| 6. | ਸ. ਪ੍ਰਤਾਪ ਸਿੰਘ | 100/- | ਆਈ-233 | 14-03-2019 |
| | ਮਕਾਨ ਨੰ-5701/ਏ, ਸੈਕਟਰ-38-ਵੈਸਟ, ਚੰਡੀਗੜ੍ਹ। | | | |
| 7. | ਗੁਪਤ ਦਾਨ | 100/- | ਆਈ-234 | 14-03-2019 |
| 8. | ਗੁਪਤ ਦਾਨ | 100/- | ਆਈ-235 | 14-03-2019 |
| 9. | ਸ. ਜਸਬੀਰ ਸਿੰਘ ਮੁਲਤਾਨੀ | 200/- | ਆਈ-236 | 14-03-2019 |
| | ਮਕਾਨ ਨੰ-580, ਫੇਸ-11, ਮੋਹਾਲੀ। | | | |
| 10. | ਸ. ਜਗੀਰ ਸਿੰਘ ਲਾਲੀਆ | 500/- | ਆਈ-237 | 14-03-2019 |
| | ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ। | | | |
| | ਮਕਾਨ ਨੰ-1838, ਸੈਕਟਰ-7, ਮੋਹਾਲੀ। | | | |
| 11. | ਸ. ਰਵਿੰਦਰ ਸਿੰਘ ਜਨਰਲ ਸਕੱਤਰ | 200/- | ਆਈ-238 | 14-03-2019 |
| | ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | | | |

| | | | | |
|---|---|---|---|---|
| 12. | ਸ.ਪ੍ਰੀਤਮ ਸਿੰਘ ਭੋਪਾਲ ਡੀ.ਪੀ.ਆਈ.(ਰਿਟਾ.) ਚੰਡੀਗੜ੍ਹ | 100/- | ਆਈ-239 | 14-03-2019 |
| 13. | ਸ.ਐਨ.ਪੀ.ਸਿੰਘ ਮਕਾਨ ਨੰ-2249,ਸਟਾਰ ਇਨੰਕਲੇਵ,ਸੈਕਟਰ-48-ਸੀ,ਚੰਡੀਗੜ੍ਹ। | 200/- | ਆਈ-240 | 14-03-2019 |
| 14. | ਸ਼੍ਰੀ ਸੁਦਰਸ਼ਨ ਜੀ ਮਕਾਨ ਨੰ-5610/ਏ, 38 ਵੇਸਟ,ਚੰਡੀਗੜ੍ਹ। | 51/- | ਆਈ-241 | 14-03-2019 |
| 15. | ਲੈਕ.ਸ.ਗੁਲਸ਼ਨ ਕੁਮਾਰ ਸਿੰਘ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ,ਚੰਡੀਗੜ੍ਹ। ਮਕਾਨ ਨੰ-3405,ਸੈਕਟਰ-40ਡੀ,ਚੰਡੀਗੜ੍ਹ। | 200/- | ਆਈ-242 | 14-03-2019 |
| 16. | ਸ.ਬਲਵਿੰਦਰ ਸਿੰਘ ਮੁਲਤਾਨੀ ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। # 541,ਫੇਸ-3,ਮੋਹਾਲੀ। | 200/- | ਆਈ-244 | 14-03-2019 |
| 17. | ਸ.ਨਿਰਮਲ ਸਿੰਘ ਗਾਹੜਾ ਮੈਨਟੇਨੈਂਸ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ,ਚੰਡੀਗੜ੍ਹ। ਮਕਾਨ ਨੰ-2354,ਫੇਜ਼-10,ਮੋਹਾਲੀ। | 200/- | ਆਈ-245 | 14-03-2019 |
| 18. | ਸ.ਹਰਦਿਆਲ ਸਿੰਘ ਘੋਤੜਾ ਵਿੱਤ ਸਕੱਤਰ,ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। ਮਕਾਨ ਨੰ-11,ਸੰਗਮ ਇਨਕਲੇਵ,ਸੈਕਟਰ-48ਏ,ਚੰਡੀਗੜ੍ਹ। | 200/- | ਆਈ-246 | 14-03-2019 |
| 19. | ਕੈਪਟਨ ਜਸਵੰਤ ਸਿੰਘ ਸੀਨੀ.ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ। ਮਕਾਨ ਨੰ-2369,ਫੇਜ਼-11,ਮੋਹਾਲੀ। | 200/- | ਆਈ-247 | 14-03-2019 |
| 20. | ਸ.ਰਾਜਪਾਲ ਸਿੰਘ ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ। ਮਕਾਨ ਨੰ-43,ਮਨੀਮਾਜਰਾ। | 500/- | ਆਈ-248 | 14-03-2019 |
| 21. | ਸ.ਗੁਰਬਚਨ ਸਿੰਘ ਮਕਾਨ ਨੰ-2808/2,ਸੈਕਟਰ-47 ਸੀ,ਚੰਡੀਗੜ੍ਹ। | 100/- | ਆਈ-249 | 14-03-2019 |
| 22. | ਸੂਬੇਦਾਰ ਮੇਜਰ ਅਮਰਜੀਤ ਸਿੰਘ ਐਚ.ਐਮ-102,ਫੇਸ-3ਬੀ1,ਮੋਹਾਲੀ। | 200/- | ਆਈ-250 | 14-03-2019 |

| | | | | |
|---|---|---|---|---|
| 23. | ਸ.ਸੁਰਿੰਦਰ ਸਿੰਘ, ਚੰਡੀਗੜ੍ਹ। | 200/- | ਆਈ-251 | 14-03-2019 |
| 24. | ਸ.ਦਰਸ਼ਨ ਸਿੰਘ<br>ਮਕਾਨ ਨੰ-1204, ਸੈਕਟਰ-22ਬੀ, ਚੰਡੀਗੜ੍ਹ। | 200/- | ਆਈ-252 | 14-03-2019 |
| 25. | ਸ.ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ- ਐਚ.ਐਲ-600, ਫੇਸ-9, ਮੋਹਾਲੀ।<br>ਪ੍ਰਧਾਨ ਯੁਨਾਇਟਿਡ ਵੈਲਫੇਅਰ ਐਸੋਸੀਏਸ਼ਨ, ਸੈਕਟਰ-63, ਫੇਸ-9, ਮੋਹਾਲੀ। | 200/- | ਆਈ-253 | 14-03-2019 |
| 26. | ਸ਼੍ਰੀ ਰੋਹੀ ਰਾਮ,<br>ਮਕਾਨ ਨੰ-5702, ਸੈਕਟਰ-38ਵੇਸਟ, ਚੰਡੀਗੜ੍ਹ। | 100/- | ਆਈ-254 | 14-03-2019 |

**ਭਵਨ ਵਿਖੇ ਸੋਲਰ ਸਿਸਟਮ ਲਗਵਾਉਣ ਲਈ ਦਾਨ ਦੇਣ ਵਾਲੇ ਦਾਨੀ ਸੱਜਣ**

| | | | | |
|---|---|---|---|---|
| 1. | ਸ.ਸੁਖਵਿੰਦਰ ਸਿੰਘ ਬਿੱਲਾ<br>ਪੁੱਤਰ ਸ.ਸਵਰਨ ਸਿੰਘ, ਵਾਰਡ ਨੰ.11, ਪਿੰਡ ਅਤੇ ਡਾਕਖਾਨਾ-ਬੇਗੋਵਾਲ, ਜ਼ਿਲ੍ਹਾ-ਕਪੂਰਥਲਾ। | 50,000/- | ਆਈ-255 | 14-03-2019 |




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# Anandpur Sahib
# (The city of spiritual Bliss)

Dr. Harjinder Singh Dilgeer

The zone which is now known as Anandpur Sahib, inlcudes Chakk Nanaki, Anandpur Sahib and some adjacent villages.

It is generally believed that the Anandpur town was founded by Guru Teg Bahadur Sahib on June 19, 1665. In fact it was Chakk Nanaki which had been founded in 1665. The foundation stone of Anandpur Sahib was laid on March 30, 1689. The area of Chakk nanaki (in 1665) extended between the village of Agamgarh and the square between Kesgarh Sahib and the town's bus stand.

Usually, new towns are founded, established and developed by monarchs. It is a unique phenomenon in the history of Sikh religion that its Prophets founded a number of towns and turned several villages into major towns. Hence, social, political, economic and spiritual role became one in guru Sahib.

The first town associated with the Sikh history is Nanakana Sahib, the birth place of Guru Nanak Sahib. But, the first town founded by Guru Nanak Sahib was Kartarpur (Pakistan). Even Sultanput Lodhi had the priviledge of having felt the touch of the feet of Guru Nanak Sahib. Guru Angad Sahib turned the small village of Khadur into Khadur Sahib. Guru Amar Das Sahib founded the town of Goindwal. He also asked Guru Ram Das Sahib to establish a new Sikh State in the middle of Majha zone. Guru Ram Das Sahib laid the foundation of Guru Da Chakk which, later, came to be known as Ram Das Pur and now it is famous as Amritsar. Guru Arjan Sahib developed Guru Da Chakk into a major city and also founded the towns of Tarn Taran, Chheharta, Hargobindpur and Kartarpur (Jalandhar). Guru Hargobind Sahib revealed Akal Takht Sahib. He purchased the territory of the present town of Keeratpur Sahib (Keeratpur Sahib was founded and established by Baba Gurditta, son of Guru Hargobind Sahib). Guru Har Rai Sahib played major role in the development of Keeratpur Sahib and turned it into another major center of the Sikhs. By the time of Guru Harkrishan Sahib, Keeratpur Sahib had became a full-fledged town. His visit to a small village Panjokhara (Haryana) put the village on the world map and his visit to Raja Jai Singh's residence turned it into "Bangla Sahib".

Chakk Nanaki had been founded by Guru Tegh Bahadur Sahib. Earlier he used to live at Bakala and had spent more than seven years (1656-64) in Assam, Bengal and Bihar. He had spent some time at Talwandi Sabo and Dhamtan too. In the middle of April 1665, he made a visit to Keeratpur Sahib. When he was sill at Keeratpur Sahib, on April 27, 1665, Raja Deep Chand, the ruler of Bilaspur, died. The Bilaspur ruler was a very devoted Sikh. On May 10, 1665, Guru Sahib went to Bilaspur to make last prayers for Raja Deep Chand, Guru Sahib stayed there till May 13. By this time Rani Champa had come to know that Guru Sahib had decided to move his headquarters to Dhamtan. This made Rani Champa despondent. She approached Mata Nanaki (Guru Sahib's mother) and begged her to ask Guru Sahib not to move far away from Bilaspur State. Mate Nanaki could not resist helping a sentimental Rani Champa. Mataji requested Guru Sahib to fulfil Rani's desire.

When Guru Sahib agreed, Rani Champa offered to donate some land to guru sahib so that he might establish a new town. Guru Sahib decided to set up new town put refused to accept a donation of the land. He selected a piece of land in between the villages of Lodipur, Mianpur and Sahota and paid regular price for the same. Rani Champa reluctantly accepted the price of the land but her joy new no bounds at the thought that Guruji had chosen to establish his headquarters near Bilaspur State.

The site chosen by Guru Sahib, around the ruins of the erstwhile village of Makhowal, was very remarkable from strategic point of view. It was surrounded by river Sutled on one side as well as hills and forest on all the sides. This was a peaceful zone for meditation as well as for arts and intellectual activities. It was also safe from military interference and disturbances. The Sikhs had experienced Mughal invasion at Amritsar and kartarpur in 1634 and 1635. Guru Tegh Bahadur Sahib too had participated in these battles. Though Keeratpur Sahib had remained safe from the Mughal attacks, yet a possibility always existed because Aurangzeb was sitting on the Delhi throne and he was known for his fanaticism.

Thus, the sight selected for new town had a special importance. In 1665, the river Sutlej used to flow through the present city of Anandpur Sahib (now it flows near Keeratpur Sahib). Keeratpur Sahib too was a strategic place. It was surrounded by Sutled on one side, river Sarsa on the other side and a chain of hills on the third side. Similarly, the site of Chakk Nanaki too was still better choice. It had the protection of Charn Ganga stream on two sides and river Sutled on the third. Towards the hills-side there were thick bushes and trees. Long long ago, it was dense forest and herds of elephants and other animals used to inhabit these jungles. Then, this area was known as Hathaut (literally: abode of elephants).

The area or Chakk Nanaki was a peaceful zone. Besides, it was a fertile land and could yield two crops annually. Hence, it was capable of being a self-sufficient City-State. Guru Sahib's selection of the land was highly appreciated by Rani Champa and the Sikhs. The Bilaspur elite was exceptionally happy because the presence of a Sikh City-State on the borders of Bilaspur State and the Mughal territory meant complte safety for Bilaspur and its associate States.


The foundation stone of the new town was laid down by bhai Gurditta (great-grandson of Baba Buddha), on June 19,1665 at the present site of Guru De Mahal. The first prayers were made by Diwan Dargah Mall. Guru Sahib named the new town Chakk Nanaki after his mother Mata Nanaki. Guru Sahib spent the next three months at Chakk Nanaki. During this period a couple of house had been built for the visitors to the Sikh City.

Guru Tegh Bahadur Sahib could not visit Chakk Nanaki for the next six and a half years. He took a missionary journey of Assam, Bengal and Bihar from January 1666 to March 1670. After this, he spent about one and a half year at Bakala (now Baba Bakala). In March 1672 Guru Sahib and his family moved to Chakk Nanaki and finally established it as his headquarters. Guru Sahib embraced martyrdom on Novembet 11,1675.

Guru Gobind Singh Sahib stayed here till March 1685. In April 1685 Guru Gobind Singh Sahib founded Paonta Sahib and stayed there till October 1688. He returned to Chakk Nanaki in November 1688. On march 30,1689 Guru Sahib laid the foundation of a new town and named it Anandpur Sahib. Now Chakk Nanaki and Anandpur Sahib both as well as some adjoining vilalges (Sahota, Lodipur, Agampur, Mataur etc.) form the present city of Anandpur Sahib.



# MATRIMONIAL



Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

Suitable match for Manglik Sharma girl born on May 7, 1990, Height – 5’4”, Gotar :- Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

LUBANA SIKH FAMILY SEEKING A SUITABLE MATCH FOR THIER SON 28 , 5’11” HANDSOME,WELL SETTLED PERMANENT RESIDENT IN CANADA. GIRL SHOULD BE PROFESSIONALLY QUALIFIED WITH GOOD HEIGHT MATCH. 9872199909 FATHER NO.

* * * * *

Suitable match for Surinderpal Singh, Dob-04-10-1990/5'6”, Education- B.B.A, Job-in Spain also settled in Spain. Father- Ex Sarpanch. Girl of Spain will be preferred. Contact no-94650-32765, 94178-62315

* * * * *

Suitable match for handsome lobana sikh boy Dob-31-03-1990/5'7”, education-M.C.A from Delhi University. Teacher in Army Public School Jalandhar Cantt. Annual package R.3-6 Lacs. Father retired from Delhi police. Now settled in Jalandhar permanently. Contact no-88268-18449, 81460-75553

* * * * *

Suitable qualified match for Lubana Sikh Turbaned boy, Height 6ft., Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad. Contact 9872157495, 6284767292

* * * * *

PROFESSIONALLY QUALIFIED GIRL REQUIRED FOR LUBANA SIKH BOY BORN'APRIL,1991, Height 5' 11", BE,MBA (FIN), MNC ASSTT MANAGER, EARLY AND SIMPLE MARRIAGE. CONTACT - 09417145424,8360907886.

* * * * *

Suitable match for Lubana Sikh Turband boy Feb 1989 born height 5'9" B Tech CSE, Project Manager with Apple at California USA drawing USD one lac per annum. Belongs to well educated family. Contact No 8146549765, 9417122809.

* * * * *

Suitable match for a Widow Lobana girl height-5'6", D.o.b-11-08-1986, Education +2(Arts),ITI (Fashion Designing), residence of Mohali, Father-Ram Niranjan, Mother-Kanta Rani, Contact no-97800-93687, 98785-05838 .

* * * * *

Suitable match for Lobana Sikh Beautiful girl height-5'3", D.o.b-26-05-1986,Education-Ph.D Food Technology. Job-Asst.Professor drawing, Salary- 30,000/- Pm, Only brother Army Major, Father retired Supt.Engineer Thermal Plant, Mother M.A Homely. Contact no-93550-84781, 94638-03824.

* * * * *

Professionally qualified/well settled match for Lobana Sikh girl, Height-5'5", D.o.b-August 1992, Education-B.Tech in CSE, Working in MNC as Software Engineer,Chandigarh, Father retired from Govt. services, Mother Home Maker, Siblings-Elder brother working as IT Engineer in Canada, Preference-Tricity or Canada. Contact no-94638-37259, 98720-77997.

* * * * *

Suitable match for qualified girl height-5' 4, D.o.b-Dec/1987, Complexion-Fair, Education M.Sc. Chemistry, B.Ed, Working as PGT Chemistry Teacher, Village-Budhlada, distt- Mansa. Contact no. 94785-01310.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਭੂਲਪੁਰ ਦਾ ਤੀਸਰਾ ਰਘਬੀਰ ਸਿੰਘ ਯਾਦਗਾਰੀ ਕਬੱਡੀ ਕੱਪ ਅਮਿੱਟ ਯਾਦਾਂ ਛੱਡਦਾ ਮਿਤੀ 28-03-2019 ਨੂੰ ਸਮਾਪਤ










ਪਿੰਡ ਭੂਲਪੁਰ ਵਿਖੇ ਸੰਤ ਬਾਬਾ ਰਘਬੀਰ ਸਿੰਘ ਯਾਦਗਾਰੀ ਤੀਜਾ ਅੰਤਰ ਰਾਸ਼ਟਰੀ ਕਬੱਡੀ ਕੱਪ ਅਮਿੱਟ ਯਾਦਾਂ ਛੱਡਦਾ ਹੋਇਆ ਮਿਤੀ 28-03-2019 ਨੂੰ ਸਮਾਪਤ ਹੋ ਗਿਆ। ਇਹ ਕਬੱਡੀ ਕੱਪ ਪ੍ਰਧਾਨ ਵਰਿੰਦਰ ਸਿੰਘ ਸਪੁੱਤਰ ਸ. ਪਰਮਜੀਤ ਸਿੰਘ ਅਤੇ ਕਲੱਬ ਦੇ ਸਭ ਮੈਂਬਰਾਂ ਦੇ ਸਹਿਯੋਗ ਨਾਲ ਬਹੁਤ ਵਧੀਆ ਪ੍ਰਬੰਧ ਨਾਲ ਕਰਵਾਇਆ ਗਿਆ। ਪਹਿਲਾ ਇਨਾਮ 71,000/- ਰੁ: ਅਤੇ ਦੂਸਰਾ ਇਨਾਮ 51,000/-ਰੁ: ਰੱਖਿਆ ਗਿਆ ਸੀ। ਪਹਿਲਾ ਇਨਾਮ ਰਾਇਲ ਕਬੱਡੀ ਕਲੱਬ ਅਮਰੀਕਾ ਦੇ ਨਾਮ ਰਿਹਾ। ਫਸਵੇਂ ਮੈਚ ਵਿਚ ਰਾਇਲ ਕਬੱਡੀ ਕਲੱਬ ਅਮਰੀਕਾ ਨੇ ਰੁੜਕਾਂ ਕਲੱਬ ਨੂੰ ਹਰਾਇਆ। ਲੜਕੀਆਂ ਦੇ ਮੈਚ ਵਿਚ ਬਾਬਾ ਬੁੱਢਾ ਕਬੱਡੀ ਅਕੈਡਮੀ ਰਾਮਦਾਸ ਅੰਮ੍ਰਿਤਸਰ ਨੇ ਮਾਈ ਭਾਗੋਂ ਕਬੱਡੀ ਟੀਮ ਨੂੰ ਹਰਾਇਆ। ਬਜ਼ੁਰਗਾਂ ਦੇ ਸ਼ੋਅ ਮੈਚ ਵਿਚ ਗੁਰਦਾਸਪੁਰ ਨੇ ਕਪੂਰਥਲਾ ਨੂੰ ਹਰਾਇਆ। ਕਬੱਡੀ ਕੱਪ ਦਾ ਉਦਘਾਟਨ ਸਰਪੰਚ ਕਾਬਲ ਸਿੰਘ ਭੂਲਪੁਰ ਨੇ ਕੀਤਾ ਅਤੇ ਇਨਾਮਾਂ ਦੀ ਵੰਡ ਵਿਧਾਇਕ ਸੰਗਤ ਸਿੰਘ ਗਿਲਜੀਆਂ ਨੇ ਕੀਤੀ। ਸ. ਜਗੀਰ ਸਿੰਘ ਲਾਲੀਆ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30 ਏ, ਚੰਡੀਗੜ੍ਹ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਸਤਨਾਮ ਸਿੰਘ, ਜਸਵਿੰਦਰ ਸਿੰਘ, ਪਰਮਜੀਤ ਸਿੰਘ, ਸਵਰਨ ਸਿੰਘ, ਕੁਲਵੰਤ ਸਿੰਘ, ਸੁੱਚਾ ਸਿੰਘ, ਸੁਰਜੀਤ ਸਿੰਘ, ਸੁਖਵੰਤ ਸਿੰਘ, ਕੁਲਵਿੰਦਰ ਸਿੰਘ, ਜਰਨੈਲ ਸਿੰਘ, ਦਰਸ਼ਨ ਸਿੰਘ, ਕਰਨਦੀਪ ਸਿੰਘ, ਮਹਿੰਗਾ ਸਿੰਘ, ਮਹਿੰਦਰ ਸਿੰਘ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ, ਸੁਖਜਿੰਦਰ ਸਿੰਘ ਸੁੱਖਾ, ਜਗਜੀਤ ਸਿੰਘ ਲੁਧਿਆਣਾ, ਸਤਪਾਲ ਸਿੰਘ, ਬਲਵਿੰਦਰ ਸਿੰਘ, ਸਰਪੰਚ ਸਤਪਾਲ ਸਿੰਘ ਸੱਤੀ, ਸਰਪੰਚ ਸੁਖਵਿੰਦਰ ਸਿੰਘ, ਨੰਬਰਦਾਰ ਕੁਲਵੰਤ ਸਿੰਘ, ਜਗਤਾਰ ਸਿੰਘ, ਪਰਵਿੰਦਰ ਸਿੰਘ, ਤਲਵਿੰਦਰ ਸਿੰਘ ਆਦਿ ਹਾਜ਼ਰ ਸਨ।



Regd No. 32212/78
Postal No.-- G/CHD/0111/2018-2020




Interstate Samaj Sudhar Forum
Meeting on 09-03-2019




**Guru Ladho Re Bhawan
At Naraingarh**